# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਤੇਈ (ਭਾਸ਼ਾ ਕੁਸ਼ਲਤਾ ਦਾ ਸ਼ਸ਼ਕਤੀਕਰਨ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

1.1. ਵਿਆਖਿਆਤਮਕ ਲੇਖਕ, ਲੇਖ, ਜੀਵਨੀ ਲੇਖਣ

1.2. ਅਖਬਾਰ ਲੇਖਣ, ਰਸਾਲਾ ਅਤੇ ਸਮਕਾਲੀ ਵਿਦਿਅਕ ਮੁਦੇ

**Department website : www.pbidde.org**

**ਪਾਠ ਨੰ. 1.1** **ਲੇਖਿਕਾ: ਡਾ. ਕਿਰਣ ਸਚਦੇਵਾ**

# ਵਿਆਖਿਆਤਮਕ ਲੇਖਣ, ਲੇਖ ਲੇਖਣ ਅਤੇ ਜੀਵਨੀ ਲੇਖਣ

**ਢਾਚਾਂ**

**1.0 ਉਦੇਸ਼**

1.1 ਵਿਆਖਿਆਤਮਕ ਲੇਖਣ ਨਾਲ ਜੁੜਨਾ

1.1.1 ਜਾਣ ਪਹਿਚਾਣ

1.1.2 ਵਿਆਖਿਆਤਮਕ ਲੇਖਣ ਦਾ ਅਰਥ

1.1.3 ਵਿਆਖਿਆਤਮਕ ਲੇਖਣ ਦੀ ਪਰਿਭਾਸ਼ਾ

1.1.4 ਤੁਹਾਨੂੰ ਵਿਆਖਿਆਤਮਕ ਲੇਖਣ ਦਾ ਇਸਤੇਮਾਲ ਕਦੋਂ ਕਰਨਾ ਚਾਹੀਦਾ ਹੈ

1.1.5 ਇੱਕ ਵਿਆਖਿਆਤਮਕ ਲੇਖ ਲਿਖਣਾ

1.1.6 ਇੱਕ ਵਿਆਖਿਆਤਮਕ ਲੇਖ ਲਿਖਣ ਹਿੱਤ ਸੁਝਾਅ

1.1.7 ਅਧਿਆਪਕ ਕੁਝ ਸੁਝਾਅ ਇਸਤੇਮਾਲ ਕਰ ਸਕਦੇ ਹਨ

1.1.8 ਵਿਦਿਆਰਥੀਆਂ ਨੂੰ ਵਿਆਖਿਆਤਮਕ ਲੇਖਣ ਵਿੱਚ ਕਿਵੇਂ ਜੋੜਿਆ ਜਾਵੇ

1.1.9 ਨਿਚੋੜ

1.2 ਲੇਖ ਲੇਖਣ ਨਾਲ ਜੁੜਨਾ

1.2.1 ਲੇਖ ਲੇਖਣ

1.2.2 ਲੇਖ ਲੇਖਣ ਦੀਆਂ ਪਰਿਭਾਸ਼ਾਵਾਂ

1.2.3 ਲੇਖ ਲੇਖਣ ਦੀਆਂ ਵਿਸ਼ੇਸ਼ਤਾਈਆਂ

1.2.4 ਲੇਖ ਲੇਖਣ ਦੀ ਬਣਤਰ

1.2.5 ਲੇਖ ਦੀਆਂ ਕਿਸਮਾਂ

1.2.6 ਕੁਸ਼ਲ ਲੇਖ ਦੇ ਗੁਣ

1.2.7 ਕੀ ਕਰੀਏ ਅਤੇ ਕੀ ਨਾ ਕਰੀਏ

1.2.8 ਇੱਕ ਅਧਿਆਪਕ ਲੇਖ ਲਿਖਣ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ?

1.3 ਜੀਵਨੀ ਲੇਖਣ ਨਾਲ ਜੁੜਨਾ

1.3.1 ਜਾਣ ਪਹਿਚਾਣ

1.3.2 ਜੀਵਨੀ ਲੇਖਣ

1.3.3 ਜੀਵਨੀ ਲੇਖਣ ਦੇ ਸੂਤਰ

1.3.4 ਤੀਜਾ ਧਿਰ ਜੀਵਨੀ ਦਾ ਨਮੂੰਨਾ

1.3.5 ਵਿਅਕਤੀਗਤ ਜੀਵਨੀ ਲਿਖਣ ਦੇ ਸੂਤਰ

1.3.6 ਇੱਕ ਲਘੂ ਵਿਅਕਤੀਗਤ ਜੀਵਨੀ ਦਾ ਨਮੂਨਾ

1.4 ਸਾਰਾਂਸ਼

1.5 ਸੁਝਾਏ ਪ੍ਰਸ਼ਨ

1.6 **ਸੁਝਾਈਆਂ ਪੁਸਤਕਾਂ**

1.0 ਉਦੇਸ਼: ਇਸ ਪਾਠ ਦੇ ਉਦੇਸ਼ ਹੇਠ ਲਿਖੇ ਅਨੁਸਾਰ ਹਨ:

1. ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਵਿਆਖਿਆਤਮਕ ਲੇਖਣ ਬਾਰੇ ਸਿੱਖ ਸਕਣਗੇ।
2. ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਲੇਖ ਲਿੱਖਣਾ ਸਿੱਖ ਸਕਣਗੇ।
3. ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਜੀਵਨੀ ਬਾਰੇ ਸਿੱਖ ਸਕਣਗੇ।

1.1 ਵਿਆਖਿਆਤਮਕ ਲੇਖਣ ਨਾਲ ਜੁੜਨਾ

1.1.1 ਜਾਣ ਪਹਿਚਾਣ

ਭਾਸ਼ਾ ਸ਼ਸ਼ਕਤੀਕਰਣ ਜਾਂ ਭਾਸ਼ਾਈ ਸ਼ਸ਼ਕਤੀਕਰਣ ਇੱਕ ਵਿਅਕਤੀ ਦੀ ਪ੍ਰਾਪਤ ਕੀਤੀ ਭਾਸ਼ਾ ਨੂੰ ਬੋਲਣ ਜਾਂ ਸਾਧਣ ਦੀ ਯੋਗਤਾ ਹੈ | ਵਿਭਿੰਨ ਵਿਆਖਿਆਣ ਨੀਤੀਆਂ ਦੀ ਵਰਤੋਂ ਕਰਦੇ ਸਮੇਂ ਕੁਸ਼ਲਤਾ ਅਤੇ ਭਾਸ਼ਾ ਯੋਗਤਾ ਸ਼ੁੱਧਤਾ ਅਤੇ ਰਵਾਨਗੀ ਦੋਨਾਂ ਨੂੰ ਪ੍ਰਮਾਣਿਤ ਕਰਦੀ ਹੈ | ਇੱਕ ਮਾਂ-ਬੋਲੀ ਬੋਲਣ ਵਾਲਾ ਕੁਸ਼ਲ ਹੋਏ ਬਿਨਾਂ ਪ੍ਰਭਾਹਸ਼ੀਲ ਹੋ ਸਕਦਾ ਹੈ |

ਇਹ ਹੁਣ ਕਾਫੀ ਸ਼ਪੱਸ਼ਟ ਹੈ ਕਿ ਵੀਹਵੀਂ ਸਦੀ ਖਤਮ ਹੋਣ ਤੋਂ ਪਹਿਲਾਂ ਵਿਸ਼ਵ ਦਾ ਹਰ ਇੱਕ ਵਰਗ ਬਾਕੀਂ ਦੇ ਸਾਰੇ ਵਰਗਾਂ ਨਾਲ ਗੱਲਬਾਤ ਕਰਨਾ ਸਿੱਖ ਜਾਵੇਗਾ | ਧਰਤੀ ਤੇ ਪਰਸਪਰ ਮੇਲਜੋਲ ਦੀ ਇਸ ਪ੍ਰਕ੍ਰਿਆ ਵਿੱਚ ਨਿਰਦੇਸ਼ਾਂ ਦੀ ਭਾਸ਼ਾ ਬਹੁਤ ਮਹਤੱਵਪੂਰਨ ਭੂਮਿਕਾ ਅਦਾ ਕਰਦੀ ਹੈ | ਨਿਰਦੇਸ਼ਾਂ ਦੀ ਭਾਸ਼ਾ ਜੋ ਕਿ ਸਾਨੂੰ ਜਿੰਦਗੀ ਦੇ ਹਰ ਖੇਤਰ ਅਤੇ ਸੱਭਿਅਤਾ ਦੇ ਤਾਜੇ ਵਿਚਾਰਾਂ ਨਾਲ ਲਗਾਤਾਰ ਜੋੜ ਕੇ ਰਖਦੀ ਹੈ, ਤੋਂ ਆਪਣੇ ਆਪ ਨੂੰ ਅਲੱਗ ਕਰਨਾ ਜਲਦਬਾਜ਼ੀ ਹੋਵੇਗਾ |

ਭਾਸ਼ਾ ਇੱਕ ਕੌਸ਼ਲ ਵਿਸ਼ਾ ਹੈ ਇਸ ਲਈ ਇੱਕ ਭਾਸ਼ਾ ਸਮਝ ਤਿਆਰ ਕਰਕੇ, ਰੋਚਕ ਬਣਾ ਕੇ, ਭਾਸ਼ਾ ਆਦਤ ਬਣਾ ਕੇ, ਸਿੱਖਲਾਈ ਦੇ ਉਚਿਤ ਢੰਗਾਂ ਦੀ ਸਹਾਇਤਾ ਨਾਲ ਪੜਾਕੇ, ਅਧਿਆਪਕ ਨਿਰਦੇਸ਼ ਦੇ ਸ਼ਾਧਨਾ ਰਾਹੀਂ ਪੜ੍ਹਾ ਸਕਦਾ ਹੈ ਅਤੇ ਵਿਦਿਆਰਥੀਆਂ ਨੂੰ ਇਹ ਸਿੱਖਣ ਲਈ ਤਿਆਰ ਕੀਤਾ ਜਾ ਸਕਦਾ ਹੈ | ਆਧੁਨਿਕ ਰੁਝਾਨ ਸਿੱਖਲਾਈ ਅਤੇ ਸਿੱਖਣ ਦੀ ਦੋ-ਧਰੁਵੀ ਪ੍ਰਕ੍ਰਿਆ ਨੂੰ ਮਜ਼ਬੂਤ ਕਰਨਾ ਹੈ ਅਤੇ ਇਹ ਸੰਭਵ ਹੈ ਜੇਕਰ ਅਸੀਂ ਅਧਿਆਪਕ ਅਤੇ ਵਿਦਿਆਰਥੀ ਨੂੰ ਨੇੜੇ ਲੈਕੇ ਆਉਂਦੇ ਹਾਂ |

ਚਾਰ ਭਾਸ਼ਾ ਕੌਸ਼ਲ- ਸੁਣਨਾ, ਬੋਲਨਾ, ਪੜਣਾ ਅਤੇ ਲਿਖਣਾ ਆਪਸ ਵਿੱਚ ਜੁੜੇ ਹੋਏ ਹਨ | ਚੰਗਾ ਪੜਣਾ, ਸੁਨਣ ਅਤੇ ਬੋਲਣ ਦੇ ਅਭਿਆਸ ਤੇ ਨਿਰਭਰ ਕਰਦਾ ਹੈ ਜਦੋਂ ਕਿ ਚੰਗੀ ਲਿਖਤ ਬਾਕੀ ਸਾਰਿਆਂ ਦੇ ਅਭਿਆਸ ਤੇ ਨਿਰਭਰ ਕਰਦੀ ਹੈ ਅਤੇ ਇਜ਼ਹਾਰ ਕਰਨ ਲਈ ਲਿਖਤ ਉਨੀਂ ਹੀ ਮਹਤੱਵਪੂਰਨ ਹੈ ਜਿੰਨ੍ਹੀ ਬੋਲਣਾ ਅਤੇ ਕਦੇ ਕਦੇ ਇਸ ਤੋਂ ਵੀ ਜਿਆਦਾ ਜਦੋਂ ਅਸੀਂ ਬੋਲੀ ਦੁਆਰਾ ਆਪਣੇ ਆਪ ਨੂੰ ਵਿਅਕਤ ਕਰਨ ਵਿੱਚ ਅਸਮਰਥ ਹੁੰਦੇ ਹਾਂ |

ਲਿਖਤ ਬੋਲੀ ਦਾ ਚਿੱਤਰਨ ਰੂਪ ਹੈ | ਇਸ ਲਈ ਲਿਖਤ ਬਹੁਤ ਮਹਤੱਵਪੂਰਨ ਹੈ | ਲਿਖਤ ਕੌਸ਼ਲ ਜ਼ੁਬਾਨੀ ਅਤੇ ਪੜ੍ਹਨ ਨੂੰ ਬਲ ਦਿੰਦਾ ਹੈ | ਜੋ ਸਾਡੇ ਦਿਮਾਗ ਵਿੱਚ ਹੈ, ਉਸ ਨੂੰ ਵਿਅਕਤ ਕਰਨ ਦੇ ਸਮਰਥ ਬਣਾਉਂਣ ਲਈ ਲਿਖਤ ਇੱਕ

ਉਪਕਰਣ ਹੈ ਅਤੇ ਕੁਝ ਲੋਕਾਂ ਲਈ ਇਹ ਬੋਲੀ ਜਿਨ੍ਹਾਂ ਹੀ ਮਹਤੱਵਪੂਰਨ ਹੈ | ਲਿਖਤ ਗੱਲਬਾਤ, ਖੁਸ਼ੀ ਅਤੇ ਇਜ਼ਹਾਰ ਕਰਨ ਦੀ ਇੱਕ ਖੂਬਸੂਰਤ ਕਲਾ ਹੈ |

ਇਸਲਈ, ਲਿਖਤ ਕੌਸ਼ਲ ਬਹੁਤ ਪ੍ਰਭਾਵੀ ਹੋਣਾ ਚਾਹੀਦਾ ਹੈ | ਵਧੀਆ ਲਿਖਾਰੀ ਆਪਣੇ ਦਿਮਾਗ ਵਿੱਚ ਯੋਜਨਾਵਾਂ ਬਣਾਉਂਦੇ ਹਨ, ਅਤੇ ਸੋਚਦੇ ਹਨ ਕਿ ਉਹਨਾਂ ਨੇ ਕੀ ਕਹਿਣਾ ਹੈ ਅਤੇ ਕਿਸ ਨੂੰ ਕਹਿਣਾ ਹੈ, ਅਤੇ ਜੋ ਲਿਖਿਆ ਹੈ ਉਸ ਨੂੰ ਲਗਾਤਾਰ ਦੁਹਰਾਂਦੇ ਹਨ ਅਤੇ ਸਮੀਖਿਆ ਕਰਦੇ ਹਨ | ਇਸੇ ਤਰਾਂ ਅਧਿਆਪਕ ਵਿਦਿਆਰਥੀਆਂ ਦੀ 'ਪੜਣ, 'ਸੋਚਣ', ਚਰਚਾ' ਅਤੇ ਸੰਚਾਰ ਅਤੇ ਨਾਲ ਹੀ ਲਿਖਣ ਦੀ ਸਮਰਥਾ ਨੂੰ ਮਜ਼ਬੂਤ ਕਰਣ ਵਿੱਚ ਸਹਾਇਤਾ ਕਰ ਸਕਦੇ ਹਨ |

1.1.2 ਵਿਆਖਿਆਤਮਕ ਲੇਖਣ ਦਾ ਅਰਥ

ਵਿਆਖਿਆਤਮਕ ਲੇਖਣ ਲਿਖਤ ਦੀ ਇੱਕ ਕਿਸਮ ਹੈ ਜੋ ਵਿਆਖਿਆ, ਵਰਨਣ, ਜਾਣਕਾਰੀ, ਸੂਚਨਾ ਦੇਣ ਲਈ ਵਰਤੀ ਜਾਂਦੀ ਹੈ | ਮਜ਼ਮੂਨ ਇੱਕ ਵਿਸ਼ੇ ਦੇ ਆਲੇ ਦੁਆਲੇ ਸੰਗਠਿਤ ਕੀਤਾ ਜਾਂਦਾ ਹੈ ਅਤੇ ਇੱਕ ਬਣਤਰ ਜਾਂ ਬਣਤਰਾਂ ਦੇ ਮਿਸ਼ਰਨ ਨਾਲ ਤਿਆਰ ਕੀਤਾ ਜਾਂਦਾ ਹੈ |

ਵਿਆਖਿਆਤਮਕ ਲੇਖਣ ਇੱਕ ਲਿਖਤ ਹੈ ਜੋ ਵਿਆਖਿਆ, ਰੋਸ਼ਨੀ ਜਾਂ ਪ੍ਰਗਟਾਵਾ ਮੰਗਦੀ ਹੈ | ਇਸ ਕਿਸਮ ਦੀ ਲਿਖਤ ਵਿੱਚ ਲੇਖ, ਅਖਬਾਰ ਅਤੇ ਰਸਾਲਾ ਲੇਖ, ਨਿਰਦੇਸ਼ਕਾ, ਪਾਠ ਪੁਸਤਕਾਂ, ਵਿਸ਼ਵਕੋਸ਼ ਲੇਖ ਅਤੇ ਲਿਖਤ ਦੇ ਹੋਰ ਰੂਪ ਸ਼ਾਮਲ ਹੋ ਸਕਦੇ ਹਨ, ਜਦੋਂ ਤੱਕ ਉਹ ਵਿਆਖਿਆ ਮੰਗਦੇ ਹਨ | ਵਿਆਖਿਆਤਮਕ ਲੇਖਣ ਦੂਜੇ ਕਿਸਮ ਦੀਆਂ ਲਿਖਤਾ ਜਿਵੇਂ ਉਪਨਿਆਸ ਜਾਂ ਕਾਵਿ ਤੋਂ ਅਲੱਗ ਹੈ |

ਵਿਆਖਿਆਤਮਕ ਲੇਖਣ ਵਿਆਖਿਆ ਜਾਂ ਸੂਚਨਾ ਦਿੰਦਾ ਹੈ | ਇਹ ਰਾਇ ਦਿੱਤੇ ਬਿਨਾਂ ਇੱਕ ਵਿਸ਼ੇ ਬਾਰੇ ਗੱਲ ਕਰਦਾ ਹੈ | ਵਿਆਖਿਆਤਮਕ ਲੇਖਣ ਦਾ ਮੁੱਖ ਕੰਮ ਵਿਆਖਿਆ ਕਰਨਾ ਹੈ | ਇਹ ਵਿਸ਼ਾ ਅਧਾਰਤ ਲੇਖਣ ਸ਼ੈਲੀ ਹੈ ਜਿਸ ਵਿੱਚ ਲਿਖਾਰੀ ਆਪਣੇ ਨਿਜੀ ਰਾਇ ਦਿੱਤੇ ਬਿਨਾਂ ਇੱਕ ਦਿੱਤੇ ਵਿਸ਼ੇ ਬਾਰੇ ਦੱਸਣ ਤੇ ਧਿਆਨ ਦਿੰਦੇ ਹਨ | ਇਸ ਕਿਸਮ ਦੇ ਲੇਖਾਂ ਤੁਹਾਨੂੰ ਸਬੰਧਤ ਤੱਥ ਜਾਂ ਆਂਕੜੇ ਦਿੰਦੇ ਹਨ ਪਰੰਤੂ ਉਹਨਾਂ ਦੀ ਰਾਇ ਸ਼ਾਮਲ ਨਹੀਂ ਹੁੰਦੀ | ਇਹ ਸਭ ਤੋਂ ਜਿਆਦਾ ਆਮ ਕਿਸਮ ਦੀਆਂ ਲਿਖਤਾਂ ਵਿਚੋਂ ਇੱਕ ਹੈ |

1.1.3 ਵਿਆਖਿਆਤਮਕ ਲੇਖਣ ਦੀ ਪਰਿਭਾਸ਼ਾ

ਲੇਖ ਅਧਿਐਨਾ ਵਿੱਚ, ਵਿਆਖਿਆਤਮਕ ਲੇਖਣ ਲਿਖਤ ਦਾ ਕੋਈ ਵੀ ਰੂਪ ਹੈ ਜੋ ਜਾਣਕਾਰੀ ਪਹੁੰਚਾਂਦਾ ਹੈ ਅਤੇ ਵਿਚਾਰਾਂ ਦੀ ਵਿਆਖਿਆ ਕਰਦਾ ਹੈ | ਇਸ ਨੂੰ ਵਿਆਖਿਆ, ਵਿਆਖਿਆਤਮਕ ਵਿਆਖਿਆਣ, ਜਾਣਕਾਰੀ ਸਬੰਧੀ ਅਤੇ ਗਿਆਨਦਾਇਕ ਲਿਖਤ ਵੀ ਕਿਹਾ ਜਾਂਦਾ ਹੈ |

ਵਿਆਖਿਆਣ ਦੇ ਚਾਰ ਰਿਵਾਇਤੀ ਢੰਗਾਂ ਵਿਚੋ ਇੱਕ ਦੇ ਤੌਰ ਤੇ ਵਿਆਖਿਆਤਮਕ ਲੇਖਣ ਵਿੱਚ ਵਰਨਣ ਤੇ ਤੱਤ, ਵਿਆਖਿਆ ਅਤੇ ਬਹਿਸ ਸ਼ਾਮਲ ਹੋਣੀ ਚਾਹੀਦੀ ਹੈ, ਪਰੰਤੂ ਰਚਨਾਤਮਕ ਜਾਂ ਲੁਭਾਉਣੀ ਲਿਖਤ ਤੋਂ ਉੱਲਟ ਇਸ ਦਾ ਮੁੱਖ ਉਦੇਸ਼ ਇੱਕ ਮੁੱਦੇ, ਵਿਸ਼ੇ, ਢੰਗ ਜਾਂ ਵਿਚਾਰ ਬਾਰੀ ਜਾਣਕਾਰੀ ਦੇਣਾ ਹੈ (ਪੀਟਰ ਐਲਬੋ) |

1.1.4 ਤੁਹਾਨੂੰ ਵਿਆਖਿਆਤਮਕ ਲੇਖਣ ਦਾ ਇਸਤੇਮਾਲ ਕਦੋਂ ਕਰਨਾ ਚਾਹੀਦਾ ਹੈ

- ਪਾਠ ਪੁਸਤਕ ਲਿਖਤ
- ਨੁਸਖੇ

- ਖਬਰ ਕਹਾਣੀਆਂ
- ਕਾਰੋਬਾਰੀ, ਤਕਨੀਕੀ, ਜਾਂ ਵਿਗਿਆਨਿਕ ਲਿਖਤ

ਇੱਕ ਚੋਕਲੇਟ ਕੇਕ ਨੂੰ ਬਣਾਉਂਣ ਦਾ ਤਰੀਕਾ ਲਿਖਣਾ ਵਿਆਖਿਆਤਮਕ ਲੇਖਣ ਦੀ ਉਦਾਹਰਣ ਹੈ | ਇਹ ਲਿਖਤ ਵਿਆਖਿਆਤਮਕ ਹੈ ਕਿਉਂਕਿ ਇਹ ਵਿਆਖਿਆ ਕਰਦੀ ਹੈ | ਇਸ ਮਾਮਲੇ ਵਿੱਚ ਤੁਸੀਂ ਪਹਿਲਾਂ ਹੀ ਦੱਸ ਸਕਦੇ ਹੋ ਕਿ ਇਹ ਇੱਕ ਚੋਕਲੇਟ ਕੇਕ ਬਣਾਉਂਣ ਬਾਰੇ ਹੈ | ਇਥੇ ਬਹੁਤ ਕਿਸਮ ਦੀਆਂ ਉਦਾਹਰਣਾ ਹਨ ਜੋ ਇੱਕ ਪੇਸ਼ਕਰਤਾ ਆਪਣੇ ਸਰੋਤਿਆਂ ਨੂੰ ਇੱਕ ਵਿਸ਼ਾ ਅਤੇ ਇਸਦੇ ਮੁੱਖ ਬਿੰਦੂਆਂ ਨੂੰ ਚੰਗੀ ਤਰਾਂ ਨਾਲ ਸਮਝਾਉਂਣ ਲਈ ਵਰਤ ਸਕਦਾ ਹੈ | ਇਸੇ ਤਰਾਂ, ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਮਝਾ ਸਕਦਾ ਹੈ | ਇਸ ਵਿੱਚ ਵਿਸ਼ੇਸ਼ ਸਥਿਤੀਆਂ, ਸਮੱਸਿਆਵਾਂ ਜਾਂ ਇੱਕ ਆਮ ਵਿਚਾਰ ਦੱਸਣ ਦੇ ਉਦੇਸ਼ ਨਾਲ ਕਹਾਣੀਆਂ ਸ਼ਾਮਲ ਹਨ | ਇਥੇ ਤਿੰਨ ਮੁਖ ਕਿਸਮ ਦੀਆਂ ਉਦਾਹਰਣਾਂ ਹਨ: ਸੰਖੇਪ, ਲੰਬੇ ਅਤੇ ਅਨੁਮਾਨਿਤ |

I. ਸੰਖੇਪ ਉਦਾਹਰਣਾ ਇੱਕ ਤੱਥ ਦੀ ਹੋਰ ਵਿਆਖਿਆ ਕਰਣ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਜੋ ਹੋ ਸਕਦਾ ਹੈ ਕਿ ਇੱਕ ਭਾਸ਼ਾ ਦੀ ਕਲਾਸ ਵਿੱਚ ਹਾਜ਼ਰ ਸਾਰਿਆਂ ਨੂੰ ਇੱਕਦਮ ਸ਼ਪੱਸ਼ਟ ਨਾ ਹੋਣ | ਇੱਕ ਅਧਿਆਪਕ ਇੱਕ ਸੰਖੇਪ ਉਦਾਹਰਣ ਦੀ ਵਰਤੋਂ ਕਰ ਸਕਦਾ ਹੈ ਜਿਵੇਂ 'ਚੋਂਣ ਕੇਂਦਰ ਦਾ ਦ੍ਰਿਸ਼' | ਕਿਉਂ ਜੋ ਬਹੁਤ ਵਿਦਿਆਰਥੀ ਇੱਸ ਵਿਸ਼ੇ ਅਤੇ ਇਸ ਉਦਾਹਰ੍ਣ ਕਿ ਚੋਣਾਂ ਕਿਵੇਂ ਕਰਵਾਈਆਂ ਜਾਂਦੀਆਂ ਹਨ, ਤੋਂ ਜਾਣੂ ਹਨ |

II. ਲੰਬੀਆਂ ਉਦਾਹਰਣਾ ਕਲਾਸ ਵਿੱਚ ਉਦੋਂ ਵਰਤੀਆਂ ਜਾਂਦੀਆਂ ਹਨ ਜਦੋਂ ਅਧਿਆਪਕ ਇੱਕ ਜਿਆਦਾ ਗੁੰਝਲਦਾਰ ਵਿਸ਼ੇ ਤੇ ਚਰਚਾ ਕਰ ਰਿਹਾ ਹੈ ਜਿਸ ਨੂੰ ਉਹ ਸੋਚਦਾ ਹੈ ਕਿ ਵਿਦਿਆਰਥੀ ਇਸ ਤੋਂ ਜਾਣੂ ਨਹੀਂ ਹੋਣਗੇ | ਵਿਦਿਆਰਥੀਆਂ ਨੂੰ ਉਦਾਹਰਣ ਸਮਝਣ ਵਿੱਚ ਸਹਾਇਤਾ ਕਰਨ ਲਈ ਇੱਕ ਚਾਰਟ, ਗ੍ਰਾਫ਼ ਜਾਂ ਹੋਰ ਦਰਸ਼ੀ ਸਾਧਨ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ | ਵਿਆਖਿਆ ਕਰਦੀ ਇੱਕ ਉਦਾਹਰਣ ਕਿ ਕਿਵੇਂ ਆਈ ਈ ਐਲ ਟੀ ਐਸ ਸਾਫਟਵੇਅਰ ਇੱਕ ਵਿਦੇਸ਼ੀ ਭਾਸ਼ਾ ਨੂੰ ਸਿੱਖਣ ਵਿੱਚ ਸਹਾਇਤਾ ਕਰ ਸਕਦਾ ਹੈ | ਕਿਉਂ ਜੋ ਇਹ ਇੱਕ ਅਜਿਹਾ ਵਿਸ਼ਾ ਹੈ ਜਿਸ ਨਾਲ ਵਿਦਿਆਰਥੀ ਜਾਣੂ ਨਹੀਂ ਹੋਣਗੇ | ਇੱਕ ਲੰਬੀ ਉਦਾਹਰਣ ਸੰਖੇਪ ਉਦਾਹਰਣ ਤੋਂ ਜਿਆਦਾ ਸਮਾਂ ਲਵੇਗੀ ਅਤੇ ਇੱਕ ਜਿਆਦਾ ਗੁੰਝਲਦਾਰ ਵਿਸ਼ੇ ਬਾਰੇ ਹੋਵੇਗੀ |

III. ਅਨੁਮਾਨਿਤ ਉਦਾਹਰਣ ਇੱਕ ਕਾਲਪਨਿਕ ਉਦਾਹਰਣ ਹੈ ਜੋ ਕਲਾਸ ਵਿੱਚ ਉਦੋਂ ਵਰਤੀ ਜਾ ਸਕਦੀ ਜਦੋਂ ਅਧਿਆਪਕ ਇੱਕ ਗੁੰਝਲਦਾਰ ਵਿਸ਼ੇ ਦੀ ਵਿਆਖਿਆ ਕਰ ਰਿਹਾ ਹੋਵੇ ਜੋ ਸਭ ਤੋਂ ਜਿਆਦਾ ਤੁੱਕ ਬਣਾਉਂਦਾ ਹੈ ਜਦੋਂ ਇਹ ਜਿਆਦਾ ਅਸਲੀ ਜਾਂ ਸਬੰਧਤ ਤੱਥਾਂ ਨਾਲ ਦੱਸੀ ਜਾਂਦੀ ਹੈ |

1.1.5 ਇੱਕ ਵਿਆਖਿਆਤਮਕ ਲੇਖ ਲਿਖਣਾ

ਵਿਆਖਿਆਤਮਕ ਲਿਖਤ ਦੀਆਂ ਵਿਭਿੰਨ ਕਿਸਮਾਂ ਹਨ ਜੋ ਵਿਭਿੰਨ ਉਦੇਸ਼ਾ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਹਨ | ਵਿਆਖਿਆਤਮਕ ਲੇਖ ਇੱਕ ਹਥਿਆਰ ਹੈ ਜੋ ਅਕਸਰ ਵਿੱਦਿਅਕ ਖੇਤਰ ਵਿੱਚ ਵਰਤਿਆ ਜਾਂਦਾ ਹੈ ਅਤੇ ਇਹ ਵਿਆਖਿਆਤਮਕ ਲਿਖਤ ਦੀ ਇੱਕ ਹੋਰ ਉਦਾਹਰਣ ਹੈ | ਵਿਆਖਿਆਤਮਕ ਲੇਖ ਲਿਖਦੇ ਹੋਏ ਇਸ ਧਾਰਨਾ ਨਾਲ ਲਿਖਣਾ ਮਹਤੱਵਪੂਰਣ ਹੈ ਕਿ ਤੁਹਾਡੇ ਸਰੋਤਿਆਂ ਨੂੰ ਮੁੱਖ ਵਿਸ਼ੇ ਬਾਰੇ ਬਹੁਤ ਘੱਟ ਜਾਣਕਾਰੀ ਹੈ | ਲਿਖਾਰੀ ਦੇ ਤੋਰ ਤੇ ਆਪਣੇ ਪਾਠਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਦਾਨ ਕਰਨਾ ਤੁਹਾਡਾ ਫ਼ਰਜ਼ ਹੈ | ਪਾਠਕਾਂ ਨੂੰ ਅਹਿਸਾਸ ਹੋਵੇ ਕਿ ਤੁਹਾਡਾ ਲੇਖ ਪੜਣ

ਤੋਂ ਬਾਅਦ ਉਹਨਾਂ ਨੇ ਕੁਝ ਸਿੱਖਿਆ ਹੈ | ਲਿਖਾਰੀ ਤੁਹਾਨੂੰ ਸਿਰਫ਼ ਇੱਕ ਵਿਸ਼ੇ ਬਾਰੇ ਦੱਸਦਾ ਹੈ ਅਤੇ ਕਿਵੇ ਉਪੱਰ ਧਿਆਨ ਦਿੰਦਾ ਹੈ | ਮੁੱਖ ਬਿੰਦੂ ਹੇਠਾਂ ਦਿੱਤੇ ਹਨ:

- ਅਕਸਰ ਕੁਝ ਮੌਜੂਦਾ ਚਲਦੇ ਦੀ ਵਿਆਖਿਆ ਕਰਦਾ ਹੈ |
- ਅਕਸਰ ਤੱਥ ਅਤੇ ਆਂਕੜੇ ਸ਼ਾਮਲ ਹੁੰਦੇ ਹਨ |
- ਅਕਸਰ ਇੱਕ ਤਰਕਸ਼ੀਲ ਸਿਲਸਿਲੇ ਅਤੇ ਕ੍ਰਮ ਵਿੱਚ ਹੁੰਦੇ ਹਨ |

ਆਓ ਕੁਝ ਉਦਾਹਰਣਾ ਤੇ ਇੱਕ ਝਾਤ ਮਾਰੀਏ | ਪਹਿਲਾ, ਵਰਣਾਤਮਕ ਲੇਖ ਦਾ ਇਸਤੇਮਾਲ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਲੇਖਕ ਇੱਕ ਵਿਅਕਤੀ, ਸਥਾਨ, ਚੀਜ਼, ਪ੍ਰਕ੍ਰਿਆ, ਘਟਨਾ ਆਦਿ ਦੇ ਗੁਣਾ ਜਾਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰਨਾ ਚਾਹੁੰਦਾ ਹੈ | ਇੱਕ ਲੇਖਕ ਦੀ ਸ਼ੈਲੀ ਉਸ ਦੀ ਸ਼ਖ਼ਸੀਅਤ, ਅਲੱਗ ਅਵਾਜ਼, ਅਤੇ ਸਰੋਤਿਆਂ ਅਤੇ ਪਾਠਕਾਂ ਤੱਕ ਪਹੁੰਚਣ ਦੇ ਤਰੀਕੇ ਦਾ ਪ੍ਰਤੀਬਿੰਬ ਹੈ |

ਪਰੰਤੂ, ਲੇਖਕ ਦੁਆਰਾ ਲਿਖਿਆ ਹਰ ਇੱਕ ਟੁਕੜਾ ਇਕ ਵਿਸ਼ੇਸ਼ ਉਦੇਸ਼ ਹਿੱਤ ਹੁੰਦਾ ਹੈ- ਉਦਾਹਰਣ ਵਜੋਂ ਲੇਖਕ ਵਿਆਖਿਆ ਕਰਨ ਦੀ ਚਾਹ ਰੱਖ ਸਕਦੇ ਹਨ ਕਿ ਕਿਵੇਂ ਕੋਈ ਚੀਜ਼ ਕੰਮ ਕਰਦੀ ਹੈ ਜਾਂ ਲੋਕਾਂ ਨੂੰ ਆਪਣੇ ਵਿਚਾਰਾਂ ਨਾਲ ਮਨਵਾਉਣ ਲਈ ਸਹਿਮਤ ਕਰ ਸਕਦੇ ਹਨ | ਭਾਵੇਂ ਜਿਨ੍ਹੇ ਲੇਖਕ ਹਨ ਓਨੀਆਂ ਹੀ ਸ਼ੈਲੀਆਂ ਹਨ , ਪਰੰਤੂ ਚਾਰ ਹੀ ਸਧਾਰਨ ਉਦੇਸ਼ ਹਨ ਜਿਸ ਨਾਲ ਇੱਕ ਟੁਕੜਾ ਲਿਖਿਆ ਜਾਂਦਾ ਹੈ ਅਤੇ ਉਹਨਾਂ ਨੂੰ ਲਿਖਤ ਦੀਆਂ ਚਾਰ ਸ਼ੈਲੀਆਂ ਜਾਂ ਕਿਸਮਾਂ ਕਿਹਾ ਜਾਂਦਾ ਹੈ | ਕਿਸੇ ਵੀ ਲੇਖਕ ਲਈ ਚਾਰੋਂ ਸ਼ੈਲੀਆਂ ਨੂੰ ਜਾਣਨਾ ਅਤੇ ਵਰਤਣਾ ਮਹਤੱਵਪੂਰਣ ਹੈ |

1.1.6 ਇੱਕ ਵਿਆਖਿਆਤਮਕ ਲੇਖ ਲਿਖਣ ਹਿੱਤ ਸੁਝਾਅ

ਵਿਆਖਿਆਤਮਕ ਲੇਖ ਦਾ ਉਦੇਸ਼ ਇੱਕ ਵਿਸ਼ੇ ਨੂੰ ਤਰਕਸ਼ੀਲ ਅਤੇ ਸਿੱਧੇ ਢੰਗ ਨਾਲ ਲਿਖਣਾ ਹੈ | ਵਿਆਖਿਆਤਮਕ ਲੇਖ ਇੱਕ ਵਿਸ਼ੇ ਦੀ ਤੱਥਾਂ ਤੇ ਅਧਾਰਤ ਉਚਿੱਤ ਅਤੇ ਸੰਤੁਲਿਤ ਸਮੀਖਿਆ ਪੇਸ਼ ਕਰਦਾ ਹੈ ਜਿਥੇ ਲੇਖਕ ਦੀ ਭੂਮਿਕਾ ਬਹੁਤ ਛੋਟੀ ਹੈ | ਇੱਕ ਖਾਸ ਵਿਆਖਿਆਤਮਕ ਲੇਖ "ਵਿਆਖਿਆ" ਜਾਂ "ਪਰਿਭਾਸ਼ਾ" ਸ਼ਬਦ ਇਸਤੇਮਾਲ ਕਰਦਾ ਹੈ, ਜਿਵੇਂ "ਤਕਨੀਕ ਨੇ ਵਿਦਿਆਰਥੀਆਂ ਦੀਆਂ ਜਿੰਦਗੀਆਂ ਕਿਵੇਂ ਬਦਲੀਆਂ ਹਨ ਦੀ ਵਿਆਖਿਆ ਕਰਦਾ ਇੱਕ ਲੇਖ ਲਿਖੋ |" ਪਰੰਤੂ, ਇਸ ਦਾ ਅਰਥ ਇਹ ਨਹੀਂ ਹੈ ਕਿ ਵਿਆਖਿਆਤਮਕ ਲੇਖ ਲਿਖਣਾ ਅਸਾਨ ਹੈ |

1.1.7 ਵਿਆਖਿਆਤਮਕ ਲੇਖਾਂ ਬਾਰੀ ਵਧੇਰੇ ਸਿੱਖਣ ਅਤੇ ਆਪਣੇ ਵਿਦਿਆਰਥੀਆਂ ਦੇ ਲੇਖਣ ਕੌਸ਼ਲ ਨੂੰ ਵਧਾਉਣ ਹਿੱਤ ਅਧਿਆਪਕ ਹੇਠ ਦਿੱਤੇ ਸੁਝਾਅ ਇਸਤੇਮਾਲ ਕਰ ਸਕਦੇ ਹਨ:

- ਵਿਆਖਿਆਤਮਕ ਲਿਖਤ ਵਿੱਚ ਵਿਸ਼ੇ ਤੇ ਆਪਣੇ ਨਿਜੀ ਵਿਚਾਰ ਪੇਸ਼ ਨਾ ਕਰੋ | ਆਪਣੇ ਮੁੱਖ ਬਿਆਨ ਦੇ ਸਮਰਥਨ ਲਈ ਉਚਿਤ ਜਾਣਕਾਰੀ ਜਾਂ ਅੰਕੜੇ ਚੁਣਨ ਲਈ ਆਪਣਾ ਕੰਮ ਭੀੜਾ ਨਾ ਕਰੋ | ਇਸ ਕਿਸਮ ਦੀ ਲਿਖਤ ਵਿਆਪਕ ਵਿਆਖਿਆ ਜਾਂ ਵਰਨਣ ਮੰਗਦੀ ਹੈ | ਇਹ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ ਕਿ ਪਾਠਕ ਵਿਸ਼ਾ ਸਮੱਗਰੀ ਬਾਰੇ ਕੁਝ ਨਹੀਂ ਜਾਣਦੇ, ਇਸ ਲਈ ਤੁਹਾਨੂੰ ਸਭ ਕੁਝ ਵਿਸਤਾਰ ਵਿੱਚ ਲਿਖਣਾ ਪਵੇਗਾ |
- ਵਿਸ਼ੇ ਤੋਂ ਭਟਕੇ ਬਿਨਾਂ, ਵਿਸ਼ੇ ਤੇ ਧਿਆਨ ਕੇਂਦਰਤ ਰੱਖਣਾ ਵਿਆਖਿਆਤਮਕ ਲੇਖ ਦਾ ਸਭ ਤੋਂ ਮਹਤੱਵਪੂਰਨ ਗੁਣ ਹੈ | ਤੁਹਾਨੂੰ ਅਸੰਗਤ ਜਾਣਕਾਰੀ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ |

- ਤੁਲਨਾ ਅਤੇ ਭਿੰਨਤਾ ਵਿਆਖਿਆਤਮਕ ਲਿਖਤ ਦੇ ਮਾਮਲੇ ਵਿੱਚ ਵਿਦਿਆਰਥੀ ਲੇਖਕਾਂ ਨੂੰ ਸਾਰੀਆਂ ਸਮਾਨਤਾਵਾਂ ਜਾਂ ਭਿੰਨਤਾਵਾਂ ਲਿਖਣ ਦੀ ਲੋੜ ਨਹੀਂ, ਜੋ ਇੱਕ ਖਾਸ ਵਿਅਕਤੀ ਜਾਂ ਵਸਤੂ ਵਿੱਚ ਅੰਤਰ ਦੱਸਦੇ ਹਨ, ਉਹਨਾ ਦੀ ਚੋਣ ਕਰੋ |
- ਤੁਸੀਂ ਇੱਕ ਖਾਸ ਤੱਥ ਦੀ ਭੂਮਿਕਾ ਦੇ ਕੇ ਸ਼ੁਰੂ ਕਰ ਸਕਦੇ ਹੋ ਅਤੇ ਫੇਰ ਇੱਕ ਮਾਮਲੇ ਦੇ ਕਾਰਨਾ ਦੀ ਸਮੀਖਿਆ ਲਿਖ ਸਕਦੇ ਹੋ | ਚੀਜਾਂ ਇੱਕ ਦੂਜੇ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ ਦੀ ਵਿਆਖਿਆ ਕਰਨਾ ਵੀ ਇੱਕ ਹੋਰ ਰਣਨੀਤੀ ਹੈ |
- ਲਿਖਣਾ ਸੁਰੂ ਕਰਨ ਤੋਂ ਪਹਿਲਾਂ ਬਿਓਰੇਬਰ ਦਿਸ਼ਾਨਿਰਦੇਸ਼ ਦਿਓ, ਇਸ ਪ੍ਰਕ੍ਰਿਆ ਦੀ ਸਾਰੀ ਜਰੂਰੀ ਸਮੱਗਰੀ ਇਕੱਠੀ ਕਰੋ ਕਿਉਂਕਿ ਆਪਣੇ ਪਾਠਕਾਂ ਨੂੰ ਉਚਿਤ ਢੰਗ ਨਾਲ ਸਮਝਾਉਂਣ ਹਿੱਤ ਤੁਹਾਨੂੰ ਵਿਸ਼ੇ ਵਿੱਚ ਮਾਹਰ ਹੋਣ ਦੀ ਲੋੜ ਹੈ |
- ਇੱਕ ਹੋਰ ਰਣਨੀਤੀ ਕਿਸੇ ਵਿਸ਼ੇਸ਼ ਸ਼ਬਦ ਦੇ ਅਰਥ ਦੀ ਵਿਆਖਿਆ ਕਰਨਾ ਹੈ | ਆਪਣੇ ਸਮੁਚੇ ਨਿਰਿਖਣ ਹਿੱਤ ਤੁਸੀਂ ਇੱਕ ਵਸਤੂ ਦੀ ਚੋਣ ਕਰ ਸਕਦੇ ਹੋ, ਭਾਵੇ ਇੱਕ ਸਜੀਵ ਵਸਤੂ (ਇੱਕ ਫੁੱਲ ਜਾਂ ਜਾਨਵਰ) ਜਾਂ ਇੱਕ ਕੁਝ ਵੱਖਰਾ ਖਿਆਲ (ਦੋਸਤੀ ਜਾਂ ਪਿਆਰ) |
- ਤੁਸੀਂ ਜਾਣ ਪਹਿਚਾਣ ਵਿੱਚ ਇਕ ਸਮੱਸਿਆ ਦਾ ਉਲੇਖ ਕਰ ਸਕਦੇ ਹੋ ਅਤੇ ਫੇਰ ਪੈਰਾਗ੍ਰਾਫ ਵਿੱਚ ਇਸ ਦੇ ਸੰਭਾਵੀ ਹੱਲ ਦੱਸ ਸਕਦੇ ਹੋ | ਤੁਸੀਂ ਇੱਕ ਸਵਾਲ ਵੀ ਪੈਦਾ ਕਰ ਸਕਦੇ ਹੋ ਅਤੇ ਫੇਰ ਇਸਦੇ ਉੱਤਰ ਵਿਸਤਾਰ ਵਿੱਚ ਮੁੱਹਈਆ ਕਰਵਾ ਸਕਦੇ ਹੋ |
- ਤੁਹਾਨੂੰ ਪ੍ਰਮਾਣਿਕ ਬਣਤਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ: ਜਾਣ ਪਹਿਚਾਣ ਵਿੱਚ ਮੁੱਖ ਵਾਰਤਾ, ਸਿਰਲੇਖ ਦੀ ਵਿਆਖਿਆ ਕਰਦੇ ਤਿੰਨ ਪੈਰਾਗ੍ਰਾਫ ਅਤੇ ਮੁੱਖ ਵਿਚਾਰ ਨੂੰ ਮੁੜ ਬਿਆਨ ਕਰਦਾ ਨਿਚੋੜ |

1.1.8 ਵਿਦਿਆਰਥੀਆਂ ਨੂੰ ਵਿਆਖਿਆਤਮਕ ਲੇਖਣ ਵਿੱਚ ਕਿਵੇਂ ਜੋੜਿਆ ਜਾਵੇ

ਸਕੂਲਾਂ ਲਈ ਵਿਆਖਿਆਤਮਕ ਲੇਖ ਲਿਖਣਾ ਕਿਸੇ ਵੀ ਸੰਸਥਾਨ ਵਿੱਚ ਆਪਣੇ ਕੰਮ ਨੂੰ ਪ੍ਰਕਾਸ਼ਿਤ ਕਰਵਾਉਂਣ ਹਿੱਤ ਵਿਦਿਆਰਥੀਆਂ ਨੂੰ ਮੌਕਾ ਪ੍ਰਦਾਨ ਕਰਦੇ ਹਨ | ਇਹ ਇੱਕ ਠੋਸ ਨਤੀਜੇ ਨਾਲ ਇੱਕ ਅਸਲ ਜਿੰਦਗੀ ਚੁਣੋਤੀ ਪ੍ਰਦਾਨ ਕਰਦੇ ਹਨ | ਇਹ ਰਚਨਾਤਮਕ ਲਿਖਤ ਨੂੰ ਇੱਕ ਉਦੇਸ਼ ਹਿੱਤ ਲਿਖਤ ਨਾਲ ਜੋੜਦਾ ਹੈ | ਇਹ ਸਥਾਨਕ ਸਭਿਆਚਾਰ, ਵਿਰਾਸਤ ਅਤੇ ਸਥਾਨਾਂ ਵਿੱਚ ਰੁਚੀ ਨੂੰ ਪ੍ਰੋਤਸਾਹਣ ਦਿੰਦਾ ਹੈ ਅਤੇ ਇਹ ਮਾਪਿਆਂ ਅਤੇ ਸਥਾਨਕ ਸਮਾਜ ਵਿੱਚ ਤੁਹਾਡੇ ਸਕੂਲ ਦਾ ਰੇਖਾ ਚਿਤੱਰ ਵਧਾਉਂਦਾ ਹੈ |

ਵਿਦਿਆਰਥੀ ਫੇਰ ਆਪਣੀਆਂ ਚਿੱਤਰਤ ਕਹਾਣੀਆਂ ਬਣਾਉਂਣ | ਕਹਾਣੀਆਂ ਪਿਕਚਰ ਕਿਤਾਬਾਂ, ਸਹਾਇਕ ਚਿੱਤਰਾਂ ਨਾਲ ਅਖੱਰੀ ਕਿਤਾਬਾਂ ਹੋ ਸਕਦੀਆਂ ਹਨ | ਵਿਦਿਆਰਥੀ ਆਪਣੀ ਅਸਲ ਕਲਾ ਨੂੰ ਈਮੇਲ ਅਤੇ ਡਾਕ ਵੀ ਕਰ ਸਕਦੇ ਹਨ | ਕਹਾਣੀਆਂ ਦਾ ਫੇਰ ਸੰਪਾਦਨ ਕੀਤਾ ਜਾਂਦਾ ਹੈ ਅਤੇ ਇੱਕ ਵਿੱਦਿਅਕ ਸੰਸਥਾਨ ਦੀ ਆਪਣੀ ਕਹਾਣੀ ਕਿਤਾਬ ਵਿੱਚ ਛਾਪਣ ਤੋਂ ਪਹਿਲਾ ਸਕੈਨ ਅਤੇ ਠੀਕ ਕੀਤਾ ਜਾਂਦਾ ਹੈ | ਉਥੇ ਕੋਈ ਵੀ ਨਮੂੰਨਾ ਜਾਂ ਕਰਤਨ ਕਲਾ ਨਹੀਂ ਹੁੰਦੀ- ਇਹ ਪੇਸ਼ੇਵਰ ਸਜਾਵਟ ਨਾਲ ਤੁਹਾਡੇ ਵਿਦਿਆਰਥੀ ਦਾ ਕੰਮ ਹੈ |

1.1.9 ਨਿਚੋੜ

ਇਸ ਤਰਾਂ, ਵਿਆਖਿਆਤਮਕ ਲੇਖ ਸਕੂਲ, ਮਿਆਰੀ ਟੈਸਟਾਂ ਅਤੇ ਕਾਲਜ ਦੀ ਇਸਤੇਮਾਲ ਹਿੱਤ ਲੇਖਾਂ ਦੀਆਂ ਕਿਸਮਾਂ ਲਿਖਣ ਲਈ ਸਿੱਖਣ ਦਾ ਇੱਕ ਪ੍ਰਭਾਵਸ਼ਾਲੀ ਢੰਗ ਹੈ | ਸਮਰਪਿਤ, ਪ੍ਰਮਾਣਿਤ ਅਧਿਆਪਕ ਦੇ ਇੱਕ ਤੋਂ ਬਾਅਦ ਇੱਕ ਨਿਰਦੇਸ਼ਾਂ ਦੁਆਰਾ ਵਿਦਿਆਰਥੀ ਹੋਲੀ ਹੋਲੀ ਲੇਖਣ ਕੌਸ਼ਲ ਅਤੇ ਆਤਮ ਵਿਸ਼ਵਾਸ ਉਤਪੰਨ ਕਰ ਲੈਂਦਾ ਹੈ | ਸਾਡੇ ਸਕੂਲਾਂ ਦੇ ਕੋਰਸ ਵਿਦਿਆਰਥੀਆਂ ਨੂੰ ਵਿਆਖਿਆਤਮਕ ਲੇਖਾਂ ਸਮੇਤ ਲੇਖ ਲਿਖਣ ਦੇ ਸਿਧਾਂਤ ਸਿਖਾਉਂਦੇ ਹਨ | ਵਿਆਖਿਆਤਮਕ ਲਿਖਤ ਵਿਭਿੰਨ ਰੂਪਾਂ ਵਿੱਚ ਆਉਂਦੀ ਹੈ ਪਰੰਤੂ ਆਮ ਤੌਰ ਤੇ ਹੋਰਾਂ ਨੂੰ ਜਾਣਕਾਰੀ ਦੇਣ ਦੇ ਉਦੇਸ਼ ਨਾਲ ਇਹ ਵਾਸਤਵਿਕ ਲਿਖਤ ਹੈ | ਸ਼ਪੱਸ਼ਟ ਜਾਣਕਾਰੀ ਰਿਪੋਰਟ, ਅੰਤਰ/ਭਿੰਨਤਾ ਲਿਖਤ, ਇਥੋਂ ਤੱਕ ਕਿ ਜੀਵਨੀ ਵੀ ਵਿਆਖਿਆਤਮਕ ਲਿਖਤ ਸਮਝੀ ਜਾਂਦੀ ਹੈ | ਇਸ ਕਿਸਮ ਦੀ ਲਿਖਤ ਵਿੱਚ ਇੱਕ ਮੁੱਖ ਵਿਚਾਰ ਹੁੰਦਾ ਹੈ | ਹਰ ਇੱਕ ਵਿਚਾਰ ਦਾ ਪਤਾ ਸਹਾਇਕ ਤੱਥਾਂ ਅਤੇ ਅੰਕੜਿਆ ਨਾਲ ਲਗਾਇਆ ਜਾਂਦਾ ਹੈ |

1.2 ਲੇਖ ਲੇਖਣ ਨਾਲ ਜੁੜਨਾ

1.2.1 ਲੇਖ ਲੇਖਣ

ਲੇਖ ਲੇਖਣ ਵਰਤਮਾਨ ਜਾਂ ਹਾਲਿਆ ਖਬਰ ਜਾਂ ਖਾਸ ਵਿਸ਼ੇ ਬਾਰੇ ਗੈਰ-ਕਾਲਪਨਿਕ ਮਜ਼ਮੂਨ ਤਿਆਰ ਕਰਨ ਦੀ ਪ੍ਰਕ੍ਰਿਆ ਹੈ| ਲੇਖ ਲਿਖਤ ਇੱਕ ਕਲਾ ਹੈ ਜਿਸ ਦਾ ਅਭਿਆਸ ਕਰਨਾ ਜਰੂਰੀ ਹੈ | ਇਹ ਪ੍ਰਿੰਟ ਰੂਪ ਵਿੱਚ ਪ੍ਰਕਾਸ਼ਿਤ ਹੁੰਦੇ ਹਨ ਜਿਵੇਂ ਅਖਬਾਰ, ਰਸਾਲੇ ਜਾਂ ਆਨਲਾਈਨ |

ਲੇਖ ਇੱਕ ਰਸਾਲੇ, ਪਤੱਰਕਾਰੀ ਦਾ ਮਹਤੱਵਪੂਰਨ ਤੱਤ ਹੁੰਦਾ ਹੈ ਜਿਸ ਨੂੰ ਨਵੀਨਤਾਕਾਰੀ ਅਤੇ ਤਜਰਬੇਕਾਰ ਸਾਰੇ ਹੀ ਲੇਖਕ ਤਰਜੀਹ ਦਿੰਦੇ ਹਨ | ਇੱਕ ਲੇਖ ਵਿੱਚ ਇੱਕ ਲੇਖਕ ਸਾਰੇ ਪਹਿਲੂਆਂ ਬਾਰੇ ਚਰਚਾ ਨਹੀਂ ਕਰ ਰਿਹਾ ਹੁੰਦਾ ਅਤੇ ਸਿਰਫ਼ ਇੱਕ ਪਹਿਲੂ ਨਾਲ ਜੁੜਿਆ ਰਹਿੰਦਾ ਹੈ | ਲੇਖ ਬਹੁਤ ਗੰਭੀਰ ਤੋਂ ਸਧਾਰਨ ਹੋ ਸਕਦਾ ਹੈ ਭਾਵ ਧਾਰਮਿਕ ਤੋਂ ਰਾਜਨੀਤਕ, ਅਤੇ ਸਮਾਜਿਕ ਤੋਂ ਨਿੱਜੀ | ਲਿਖਤ ਲਈ ਜਿਆਦਾਤਰ ਸਮਾਜਿਕ ਪਹਿਲੂ ਸੋਚੇ ਜਾਂਦੇ ਹਨ | ਲੇਖ ਲਿਖਣੇ ਤੁਲਨਾਤਮਕ ਅਸਾਨ ਹੁੰਦੇ ਹਨ ਅਤੇ ਇੱਕ ਲੋਕਪ੍ਰਿਯ ਸ਼ੈਲੀ ਹੈ | ਜਿਆਦਾਤਰ ਰਸਾਲਿਆਂ ਵਿੱਚ ਲੇਖ ਹੁੰਦੇ ਹਨ ਅਤੇ ਫੇਰ ਹੋਰ ਸ਼ੈਲੀਆਂ ਆਉਂਦੀਆਂ ਹਨ | ਲੇਖ ਯਥਾਰਤਕ ਹੋਣੇ ਚਾਹੀਦੇ ਹਨ ਅਤੇ ਸਿਰਫ ਤਸਦੀਕਯੋਗ ਸਰੋਤਾਂ ਤੋਂ ਕੁਝ ਤੱਥ ਹੋਣੇ ਚਾਹੀਦੇ ਹਨ | ਜਿਆਦਾਤਰ ਲੇਖ ਪਾਠਕਾਂ ਦਾ ਧਿਆਨ ਖਿੱਚਣ ਲਈ ਇੱਕ ਛੋਟੇ, ਧਿਆਨ ਖਿੱਚਣ ਵਾਲੇ ਸਿਰਲੇਖ ਨਾਲ ਸ਼ੁਰੂ ਹੁੰਦੇ ਹਨ ਅਤੇ ਵਿਸ਼ਾ ਵਸਤੂ ਬਾਰੇ ਸੁਰਾਗ ਦਿੰਦੇ ਹਨ |

1.2.2 ਲੇਖ ਲੇਖਣ ਦੀਆਂ ਪਰਿਭਾਸ਼ਾਵਾਂ

"ਸਾਰੇ ਹਿੱਸਿਆਂ ਨੂੰ ਕ੍ਰਮਾਨੁਸਾਰ ਰੱਖਦੇ ਹੋਏ ਇੱਕ ਸੁਰੂਆਤ, ਮੱਧ ਅਤੇ ਅੰਤ ਨਾਲ ਇੱਕ ਪਹਿਲੁ ਤੋਂ ਵਿਸ਼ੇ ਨੂੰ ਸਾਹਮਣੇ ਲੈਕੇ ਆਉਂਦਾ ਲਿਖਤ ਦਾ ਇੱਕ ਟੁਕੜਾ"

"ਇੱਕ ਲੇਖ ਇੱਕ ਪ੍ਰਿੰਟ ਜਾਂ ਇਲੈਕਟ੍ਰਾਨਿਕ ਮਾਧਿਅਮ ਵਿੱਚ ਪ੍ਰਕਾਸ਼ਤ ਲਿਖਤ ਕੰਮ ਹੈ | ਇਹ ਖਬਰਾਂ, ਖੋਜ ਨਤੀਜਿਆਂ, ਅਕਾਦਮਿਕ ਸਮੀਖਿਆ ਜਾਂ ਬਹਿਸ ਦੇ ਸੰਚਾਰ ਦੇ ਉਦੇਸ਼ ਹਿੱਤ ਹੋ ਸਕਦਾ ਹੈ |"

1.2.3 ਲੇਖ ਲੇਖਣ ਦੀਆਂ ਵਿਸ਼ੇਸ਼ਤਾਈਆਂ

- ਇੱਕ ਲੇਖ ਆਮ ਤੌਰ ਤੇ ਅਖਬਾਰ, ਰਸਾਲੇ ਜਾਂ ਪਤ੍ਰਿਕਾ ਵਿੱਚ ਪ੍ਰਕਾਸ਼ਿਤ ਕਰਨ ਦੇ ਉਦੇਸ਼ ਨਾਲ ਇੱਕ ਲਿਖਤ ਦਾ ਟੁਕੜਾ ਹੈ |

- ਇਹ ਬਹੁਤ ਜਿਆਦਾ ਸਰੋਤਿਆਂ ਲਈ ਲਿਖਿਆ ਜਾਂਦਾ ਹੈ ਇਸ ਲਈ ਪਾਠਕਾਂ ਦਾ ਧਿਆਨ ਅਤੇ ਖਿੱਚਣਾ ਅਤੇ ਸੰਭਾਲਣਾ ਜਰੂਰੀ ਹੈ |
- ਇਸ ਵਿੱਚ ਮਨੋਰੰਜਕ ਕਹਾਣੀਆਂ, ਅਤੇ ਵਿਆਖਿਆਵਾਂ ਹੋ ਸਕਦੀਆਂ ਹਨ |
- ਟੀਚਾ ਸਰੋਤਿਆਂ ਤੇ ਨਿਰਭਰ ਕਰਦੇ ਹੋਏ ਇਹ ਰਸਮੀ ਜਾਂ ਗੈਰ-ਰਸਮੀ ਹੋ ਸਕਦੀ ਹੈ |
- ਇਹ ਰੋਚਕ ਅਤੇ ਮਨੋਰੰਜਕ ਢੰਗ ਨਾਲ ਲਿਖਣੀ ਚਾਹੀਦੀ ਹੈ |
- ਇਸ ਨੂੰ ਤੱਥਾਂ ਦੇ ਨਾਲ ਨਾਲ ਰਾਇ ਅਤੇ ਵਿਚਾਰ ਵੀ ਦੇਣੇ ਚਾਹੀਦੇ ਹਨ |
- ਇਸ ਦੀ ਰਸਮੀ ਸ਼ੈਲੀ ਰਿਪੋਰਟ ਤੋਂ ਘੱਟ ਹੁੰਦੀ ਹੈ |
- ਇਕ ਲੇਖ ਇੱਕ ਅਨੁਭਵ, ਘਟਨਾ, ਵਿਅਕਤੀ ਜਾਂ ਸਥਾਨ ਦੀ ਵਿਆਖਿਆ ਕਰ ਸਕਦਾ ਹੈ |
- ਇਹ ਅੰਤਰ ਜਾਂ ਭਿਨੰਤਾ ਹਿੱਤ ਇੱਕ ਰਾਇ ਜਾਂ ਸੰਤੁਲਤ ਦਲੀਲਾਂ ਪੇਸ਼ ਕਰਦਾ ਹੈ |
- ਇਹ ਜਾਣਕਾਰੀ, ਸੁਝਾਅ ਅਤੇ ਮਸ਼ਵਰਾ ਪ੍ਰਦਾਨ ਕਰਦਾ ਹੈ |

1.2.4 ਲੇਖ ਲੇਖਣ ਦੀ ਬਣਤਰ

ਇੱਕ ਵਾਸਤਵਿਕ ਲੇਖ ਵਿੱਚ ਹੇਠ ਦਰਜ ਹੋਣਾ ਚਾਹੀਦਾ ਹੈ:

1. ਇੱਕ ਧਿਆਨ ਖਿੱਚਣ ਵਾਲਾ ਸਿਰਲੇਖ ਜੋ ਪਾਠਕਾਂ ਦਾ ਧਿਆਨ ਖਿੱਚਦਾ ਹੈ ਅਤੇ ਲੇਖ ਦੇ ਵਿਸ਼ੇ ਦਾ ਮਸ਼ਵਰਾ ਦਿੰਦਾ ਹੈ | ਲੇਖ ਵਿੱਚ ਹਰ ਪੈਰੇ ਤੋਂ ਪਹਿਲਾਂ ਉੱਪ-ਸਿਰਲੇਖ ਵੀ ਜੋ ਸਕਦੇ ਹਨ |
2. ਇੱਕ ਜਾਣ ਪਹਿਚਾਣ ਜੋ ਸ਼ਪੱਸ਼ਟ ਤੌਰ ਤੇ ਕਵਰ ਕੀਤੀ ਜਾਣ ਵਾਲੇ ਵਿਸ਼ੇ ਦੀ ਪਰਿਭਾਸ਼ਾ ਦਿੰਦੀ ਹੈ ਅਤੇ ਪਾਠਕਾਂ ਦਾ ਧਿਆਨ ਖਿੱਚਦੀ ਹੈ |
3. ਮੁੱਖ ਬਾਡੀ ਵਿੱਚ ਦੋ ਤੋਂ ਪੰਜ ਪੈਰੇ ਜਿਹਨਾਂ ਵਿੱਚ ਵਿਸ਼ਾ ਵਿਸਤਾਰ ਵਿੱਚ ਹੋਰ ਵਿਕਸਿਤ ਹੁੰਦਾ ਹੈ |
4. ਨਿਚੋੜ – ਵਿਸ਼ਾ ਜਾਂ ਇੱਕ ਅੰਤਮ ਰਾਇ, ਸਲਾਹ ਜਾਂ ਟਿੱਪਣੀ ਦਾ ਸਾਰ

1.2.5 ਲੇਖ ਦੀਆਂ ਕਿਸਮਾਂ

- ਅਕਾਦਮਿਕ ਪੇਪਰ – ਅਕਾਦਮਿਕ ਪਤ੍ਰਿਕਾ ਵਿੱਚ ਪ੍ਰਕਾਸ਼ਿਤ ਇੱਕ ਲੇਖ | ਅਧਿਆਪਕਾਂ ਦਾ ਰੁਤਵਾ ਅਕਸਰ ਇਹਨਾਂ ਦੋਨਾਂ ਗੱਲਾਂ ਤੇ ਨਿਰਭਰ ਕਰਦਾ ਕਿ ਉਹਨਾਂ ਨੇ ਕਿਨੇ ਲੇਖ ਪ੍ਰਕਾਸ਼ਿਤ ਕਰਵਾਏ ਹਨ ਅਤੇ ਦੂਜੇ ਲੇਖ ਦੇ ਲੇਖਕਾਂ ਨੇ ਉਹਨਾਂ ਦੇ ਲੇਖਾਂ ਦਾ ਕਿੰਨੀ ਬਾਰ ਹਵਾਲਾ ਲਿਆ ਹੈ |
- ਲੇਖ – ਅਕਾਦਮਿਕ ਪੇਪਰ ਨਾਲ ਕੁਝ ਸਮਾਨਤਾ |
- ਵਿਗਿਆਨਕ ਪੇਪਰ- ਇੱਕ ਵਿਗਿਆਨਕ ਪਤ੍ਰਿਕਾ ਵਿੱਚ ਪ੍ਰਕਾਸ਼ਿਤ ਲੇਖ |
- ਬਲੌਗ- ਕੁਝ ਬਲੌਗ ਲੇਖ ਅਖਬਾਰ ਅਤੇ ਰਸਾਲਾ ਲੇਖਾਂ ਵਰਗੇ ਹੂੰਦੇ ਹਨ; ਹੋਰ ਨਿਜੀ ਪਤ੍ਰਿਕਾਵਾਂ ਵਿੱਚ ਦਰਜ ਵਾਂਗ ਲਿਖੇ ਜਾਂਦੇ ਹਨ |
- ਵਿਸ਼ਵਕੋਸ਼ ਲੇਖ – ਇੱਕ ਵਿਸ਼ਵਕੋਸ਼ ਜਾਂ ਹੋਰ ਹਵਾਲੇ ਵਿੱਚ, ਇੱਕ ਲੇਖ ਸਮੱਗਰੀ ਦੀ ਮੁੱਖ ਵਿਆਖਿਆਤਮਕੰਡ ਹੁੰਦਾ ਹੈ |

- ਮਾਰਕੀਟਿੰਗ ਲੇਖ- ਅਕਸਰ ਇੱਕ ਛੋਟਾ ਲਿਖਤ ਦਾ ਟੁਕੜਾ ਜੋ ਪਾਠਕ ਦੇ ਧਿਆਨ ਨੂੰ ਇੱਕ ਵਪਾਰਕ ਵੈਬਸਾਈਟ ਜਾਂ ਉਤਪਾਦ ਵੱਲ ਦਿਵਾਉਂਣ ਲਈ ਡਿਜਾਇਨ ਕੀਤਾ ਜਾਂਦਾ ਹੈ |
- ਯੂਜ਼ਨੈਟ ਲੇਖ- ਈ-ਮੇਲ ਦੀ ਸ਼ੈਲੀ ਵਿੱਚ ਲਿਖਿਆ ਅਤੇ ਓਪਨ ਮੋਡਰੇਟਡ ਜਾਂ ਅਣਮੋਡਰੇਟਡ ਯੂਜ਼ਨੈਟ ਨਿਉਜ਼ਗਰੂਪ ਤੇ ਪਾਇਆ ਇੱਕ ਸੰਦੇਸ਼ |
- ਮੂੰਹ ਬੋਲਦਾ ਲੇਖ – ਆਡਿਓ ਰਿਕਾਰਡਿੰਗ ਦੇ ਰੂਪ ਵਿੱਚ ਤਿਆਰ ਕਿਤਾ ਇੱਕ ਲੇਖ ਜਿਸ ਨੂੰ ਪੋਡਕਾਸਟ ਵੀ ਕਿਹਾ ਜਾਂਦਾ ਹੈ |
- ਸੂਚੀ ਦੇ ਰੂਪ ਵਿੱਚ – ਇੱਕ ਲੇਖ ਜਿਸ ਦੀ ਮੁੱਖ ਸਮਗਰੀ ਇੱਕ ਸੂਚੀ ਹੁੰਦੀ ਹੈ |
- ਛਾਇਆ ਚਿੱਤਰ – ਇੱਕ ਵਿਅਕਤੀ ਦਾ ਛਾਇਆ ਚਿੱਤਰ ( ਲੇਖ) |

1.2.6 ਕੁਸ਼ਲ ਲੇਖ ਦੇ ਗੁਣ

ਲੇਖ ਅਕਸਰ ਇੱਕ ਚੰਗੇ ਵਿਸ਼ੇ ਤੇ ਹੁੰਦਾ ਹੈ ਜਾਂ ਵਿਸ਼ੇ ਤੇ ਜਿਹੜਾ ਕਿਸੇ ਨਾ ਕਿਸੇ ਤਰੀਕੇ ਨਾਲ ਘਟਨਾਵਾਂ ਦੀ ਅਸਲ ਲੜੀ ਤੇ ਹੁੰਦਾ ਹੈ | ਇੱਕ ਚੰਗੇ ਲਿਖੇ ਲੇਖ ਦਾ ਲੇਖਕ ਇੱਕ ਉਦੇਸ਼ ਨੂੰ ਦੇਖਦਾ ਹੈ ਅਤੇ ਇੱਕ ਮੁੱਦੇ ਦੇ ਸਾਰੇ ਪਹਿਲੂਆਂ ਨੂੰ ਦਰਸਾਉਂਦਾ ਹੈ | ਇੱਕ ਲੇਖ ਦੇ ਸਰੋਤ ਪ੍ਰਮਾਣਿਤ ਅਤੇ ਭਰੋਸੇਯੋਗ ਹੋਣੇ ਚਾਹੀਦੇ ਹਨ |

(i) ਇੱਕ ਲੇਖ ਦੀ ਯੋਜਨਾ ਬਣਾਉਂਣਾ

ਹੁਣ ਇਹ ਦੇਖਿਆ ਜਾ ਸਕਦਾ ਹੈ ਕਿ ਇੱਕ ਵਧੀਆ ਲੇਖ ਲਿਖਣ ਲਈ ਤੁਹਾਨੂੰ ਸਭ ਤੋਂ ਪਹਿਲਾ ਇੱਕ ਵਿਸ਼ਾ ਵਾਕ ਚਾਹੀਦਾਂ ਹੈ, ਜੋ ਤੁਸੀਂ ਲਿਖਣ ਜਾ ਰਹੇ ਹੋ ਉਸ ਦਾ ਸਾਰ ਦੱਸਦਾ ਹੈ ਅਤੇ ਫੇਰ ਇੱਕ ਯੋਜਨਾ ਬਣਾਓ | ਇਹ ਨੀਤੀ ਤੁਹਾਨੂੰ ਤੇਜੀ ਨਾਲ ਅਤੇ ਸ਼ਪੱਸ਼ਟ ਰੂਪ ਵਿੱਚ ਲਿਖਣ ਦੇ ਯੋਗ ਬਣਾਏਗੀ, ਇੱਕ ਸਿਰਲੇਖ ਨੂੰ ਅਸਾਨੀ ਨਾਲ ਸੋਚਨ ਵਿੱਚ ਸਹਾਇਤਾ ਕਰੇਗੀ ਅਤੇ ਤੁਹਾਡੇ ਕੰਮ ਵਿੱਚ ਇਕਜੁਟਤਾ ਹੋਵੇਗੀ | ਇਹ ਤਰੀਕਾ ਹਰ ਇੱਕ ਪੈਰੇ ਦਾ ਵਿਸ਼ਾ ਵਾਕ ਪ੍ਰਦਾਨ ਕਰਦਾ ਹੈ ਅਤੇ ਦੂਸਰੇ ਪੈਰਿਆਂ ਨਾਲ ਜੋੜਦਾ ਹੈ | ਇਹ ਵਿਸ਼ਾ ਵਾਕ ਇੱਕ ਪੈਰੇ ਵਿੱਚ ਲਿਖੇ ਜਾ ਸਕਦੇ ਹਨ ਅਤੇ ਫੇਰ ਸਮੁਚਾ ਲੇਖ ਬਣਾਉਂਣ ਲਈ ਵਿਕਸਿਤ ਕੀਤਾ ਜਾ ਸਕਦਾ ਹੈ | ਇਸ ਦੇ ਉਲਟ, ਇਹ ਵਿਸ਼ਾ ਵਾਕ ਜਦੋਂ ਇਕੱਠੇ ਕਰ ਲਏ ਜਾਂਦੇ ਹਨ ਤਾਂ ਇਹਨਾਂ ਨੂੰ ਇੱਕ ਪੈਰਾ ਸਾਰ ਵਿੱਚ ਤਬਦੀਲ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ |

(ii) ਆਪਣਾ ਲੇਖ ਲਿਖੋ (250 ਸ਼ਬਦ)

ਪਹਿਲਾ ਇਹਨਾਂ ਬਾਰੇ ਸੋਚੋ:

- ਲੇਖ ਕਿਥੇ ਪ੍ਰਕਾਸ਼ਿਤ ਹੋ ਰਿਹਾ ਹੈ? (ਇੱਕ ਰਸਾਲੇ ਵਿੱਚ)
- ਇਛੱਤ ਪਾਠਕ ਕੋਣ ਹਨ? ( ਸ਼ਾਇਦ ਕਾਫੀ ਹੱਦ ਤੱਕ ਬਹੁਤ ਵੱਡਾ ਉਮਰ-ਵਰਗ)
- ਲੇਖ ਦਾ ਉਦੇਸ਼ ਕੀ ਹੈ - ਸਲਾਹ, ਸੁਝਾਅ, ਸੂਚਨਾ, ਅੰਤਰ ਅਤੇ ਭਿਨੰਤਾ, ਵਿਆਖਿਆ ਆਦਿ |

ਫੇਰ ਤੁਹਾਨੂੰ ਫੈਸਲਾ ਲੈਣ ਦੀ ਲੋੜ ਹੈ:

- ਤੁਸੀਂ ਕਿਸ ਦੇਸ਼ ਵਿੱਚ ਪੜ੍ਹੇ ਹੋ?

- ਤੁਸੀਂ ਉਥੇ ਕਿੰਨੀ ਦੇਰ ਲਈ ਸੀ?
- ਤੁਸੀਂ ਕੀ ਅਧਿਐਨ ਕੀਤਾ?
- ਜਦੋਂ ਤੁਸੀਂ ਉਥੇ ਸੀ ਤੁਹਾਨੂੰ ਕੀ ਕੀ ਸਮੱਸਿਆਵਾਂ ਆਈਆਂ?
- ਤੁਸੀਂ ਕਿਵੇ ਤਬਦੀਲ ਹੋਏ?

(iii) ਆਪਣੇ ਵਿਚਾਰਾਂ ਨੂੰ ਮੰਥਨ ਦਿਓ ਅਤੇ ਜੋ ਤੁਸੀਂ ਸ਼ਾਮਲ ਕਰਨ ਜਾ ਰਹੇ ਹੋ ਉਹਨਾਂ ਦੇ ਨੋਟਸ ਬਣਾਓ |

ਫੇਰ, ਕੁਝ ਵਿਚਾਰ ਤੋਂ ਬਾਅਦ, ਤੁਸੀਂ ਇੱਕ ਵਿਸ਼ਾ ਵਾਕ ਬਾਰੇ ਸੋਚਣ ਦੇ ਯੋਗ ਹੋਣੇ ਚਾਹੀਦੇ ਹੋ ਜੋ ਇੱਕ ਪੈਰੇ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ | ਉਦਾਹਰਣ ਵਜੋਂ ਇੱਕ ਵਿਸ਼ਾ ਵਾਕ ਜੋ ਜਾਣ ਪਹਿਚਾਣ ਨੂੰ ਇਸ ਤਰੀਕੇ ਨਾਲ ਸ਼ੁਰੂ ਕਰ ਸਕਦਾ ਹੈ:

"ਵਿਦੇਸ਼ ਵਿੱਚ ਪੜਾਈ ਕਰਨਾ ਇੱਕ ਰੋਚਕ ਅਨੁਭਵ ਹੈ ਜੋ ਤੁਹਾਨੂੰ ਮੇਜ਼ਬਾਨ ਦੇਸ਼ ਅਤੇ ਉਸਦੇ ਲੋਕਾਂ ਦੀਆਂ ਪਰੰਪਰਾਂ ਅਤੇ ਸੰਸਕ੍ਰਿਤੀ ਨੂੰ ਵਧੇਰੇ ਜਾਣਨ ਦਾ ਮੌਕਾ ਦਿੰਦਾ ਹੈ |"

ਇਹ ਤਿੰਨ ਬਿੰਦੂ ਤੁਹਾਡੇ ਲੇਖ ਦੇ ਖਾਕੇ, ਇਸਦੀ ਸ਼ੈਲੀ, ਭਾਸ਼ਾ ਅਤੇ ਉਪਚਾਰਕਿਤਾ ਦੇ ਪੱਧਰ ਵਿੱਚ ਨਿਰਣਾਇਕ ਤੱਤ ਹਨ | ਤੁਹਾਡੇ ਦੁਆਰਾ ਦਿੱਤੀ ਜਾਣ ਵਾਲੀ ਜਾਣਕਾਰੀ ਨੂੰ ਨਿਰਧਾਰਤ ਕਰੋ ਅਤੇ ਆਪਣੇ ਵਿਚਾਰਾਂ ਨੂੰ ਧਿਆਨਪੂਰਵਕ ਸੰਗਠਿਤ ਕਰੋ |

ਹਰ ਇਕ ਪੈਰੇ ਦਾ ਇੱਕ ਵਿਸ਼ਾ ਵਾਕ ਹੋਣਾ ਚਾਹੀਦਾ ਹੈ |

1.2.7 ਕੀ ਕਰੀਏ ਅਤੇ ਕੀ ਨਾ ਕਰੀਏ

I. ਤੁਹਾਡੇ ਇਛੱਤ ਸਰੋਤਿਆਂ ਤੇ ਨਿਰਭਰ ਕਰਦੇ ਹੋਏ, ਲੇਖ ਰਸਮੀ, ਅਰਧ-ਰਸਮੀ ਜਾਂ ਗੈਰ-ਰਸਮੀ ਹੋ ਸਕਦਾ ਹੈ|

II. ਲੇਖ ਨਾਲ ਢੁੱਕਵੀਂ ਸ਼ਬਦਾਵਲੀ ਅਤੇ ਵਿਆਖਿਆਤਮਕ ਭਾਸ਼ਾ ਦਾ ਇਸਤੇਮਾਲ ਕਰੋ |

III. ਸ਼ਬਦਾਂ ਅਤੇ ਵਾਕਾਂਸ਼ਾਂ, ਅਤੇ ਅਲੱਗ ਅਲੱਗ ਸ਼ਬਦਾਵਲੀ ਤੁਹਾਡੇ ਕੰਮ ਵਿੱਚ ਸਿਰਫ ਸੁਧਾਰ ਕਰੇਗੀ ਅਤੇ ਇਸ ਨੂੰ ਜਿਆਦਾ ਰੋਚਕ ਬਣਾਏਗੀ |

IV. ਜਿਆਦਾ ਨਿਜ਼ੀ ਜਾਂ ਭਾਵੁਕ ਭਾਸ਼ਾ ਜਾ ਸਧਾਰਨ ਸ਼ਬਦਾਵਲੀ ਦਾ ਇਸਤੇਮਾਲ ਨਾ ਕਰੋ |

V. ਆਪਣੇ ਬਾਰੇ ਗੱਲ ਨਾ ਕਰੋ |

VI. ਤੁਸੀਂ ਆਮ ਜਨਤਾ ਲਈ ਲਿਖ ਰਹੇ ਹੋ ਨਾ ਕਿ ਨਜਦੀਕੀ ਦੋਸਤਾਂ ਲਈ |

VII. ਤੁਹਾਡੇ ਵਿਚਾਰ ਤਾਂ ਹੀ ਲੋਕਾਂ ਲਈ ਰੋਚਕ ਹਨ ਜੇਕਰ ਤੁਸੀ ਉਹਨਾਂ ਨੂੰ ਮਨੋਰੰਜਕ ਬਣਾਉਂਦੇ ਹੋ, ਉਚਿਤ ਬਣਾਉਂਦੇ ਹੋ ਜਾਂ ਉਹਨਾਂ ਦੀ ਵਿਆਖਿਆ ਕਰਦੇ ਹੋ |

1.2.8 ਇੱਕ ਅਧਿਆਪਕ ਲੇਖ ਲਿਖਣ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ?

1. ਇੱਕ ਅਧਿਆਪਕ ਵਿਦਿਆਰਥੀ ਨੂੰ ਪ੍ਰੇਰਣਾਦਾਇਕ ਵਿਚਾਰ ਸੋਚਣ ਬਾਰੇ ਕਹਿ ਸਕਦਾ ਹੈ, ਇਸ ਨੂੰ ਇੱਕ ਕਾਪੀ ਵਿੱਚ ਨੋਟ ਕਰੋ | ਕਈ ਵਿਆਕਤੀਆਂ ਜਾਂ ਲੇਖਕਾਂ ਨੂੰ ਇੱਕ ਵਿਚਾਰ ਲਿਖਤੀ ਰੂਪ ਵਿੱਚ ਲਿਖਣ ਲਈ ਅੱਧਾ ਸਮਾਂ ਲਗਦਾ ਹੈ |

2. ਮਹਤੱਵਪੂਰਨ ਤੱਥ ਅਤੇ ਸਬੰਧਤ ਜਾਣਕਾਰੀ ਇਕੱਠਾ ਕਰੋ ਜੋ ਤੁਸੀਂ ਆਪਣੇ ਵਿਚਾਰ ਜਾਂ ਵਿਸ਼ੇ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ | ਇਸ ਤਰਾਂ ਤੁਹਾਡੇ ਕੋਲ ਸਾਰੀ ਸਹਾਇਕ ਜਾਣਕਾਰੀ ਹੋਵੇਗੀ ਅਤੇ ਤੁਸੀਂ ਲਿਖਣ ਲਈ ਤਿਆਰ ਹੋ |

3. ਜਾਣਕਾਰੀ ਦੇ ਇਸ ਢਾਂਚੇ ਵਿੱਚ ਜੇਕਰ ਅਜਿਹੀ ਕੋਈ ਜਾਣਕਾਰੀ ਹੈ ਜੋ ਲੇਖ ਦੇ ਮੁੱਖ ਵਿਸ਼ੇ ਨਾਲ ਢੁਕਵੀਂ ਨਹੀਂ ਹੈ, ਤੁਸੀਂ ਉਸ ਨੂੰ ਕੱਟ ਸਕਦੇ ਹੋ |

4. ਲੇਖ ਪੁਆਇੰਟਾਂ ਦਾ ਇਸਤੇਮਾਲ ਕਰਕੇ ਲਿਖਿਆ ਜਾ ਸਕਦਾ ਹੈ | ਪੁਆਇੰਟਾਂ ਵਿੱਚ ਲਿਖਣਾ ਜਿਆਦਾ ਅਸਾਨ ਹੈ ਅਤੇ ਇੱਕ ਪਾਠਕ ਦਾ ਧਿਆਨ ਖਿੱਚਦਾ ਹੈ |

5. ਲੇਖ ਸੀਮਿਤ ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ ਉਦਾਹਰਣ ਵਜੋਂ 500 ਸ਼ਬਦ | ਹਰ ਇੱਕ ਸ਼ਬਦ ਨੂੰ ਮਹਤੱਵ ਦਿਓ ਅਤੇ ਤੁਸੀਂ ਗੁਣਵੱਤਾ ਘੱਟ ਕੀਤੇ ਬਿਨਾਂ ਸਮੇਂ ਦੀ ਬੱਚਤ ਕਰੋਗੇ |

6. ਹੁਣ ਲੇਖ ਦੀ ਦੋਵਾਰਾ ਸਮੀਖਿਆ ਕਰਨ ਦਾ ਸਮਾਂ ਹੈ ਅਤੇ ਜੇਕਰ ਤੁਸੀਂ ਲੇਖ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਹੋਰ ਵਿਚਾਰ ਜਾਂ ਪ੍ਰੇਰਣਾਦਾਇਕ ਉਦਾਹਰਣ ਸ਼ਾਮਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸ਼ਾਮਲ ਕਰ ਸਕਦੇ ਹੋ | ਤੁਸੀਂ ਉਸ ਹਿੱਸੇ ਦੇ ਹਰ ਇੱਕ ਵਿਚਾਰ ਤੇ ਕੁਝ ਸਮਾਂ ਵਤੀਤ ਕਰਕੇ ਸਮੇਂ ਦੀ ਬੱਚਤ ਕਰ ਸਕਦੇ ਹੋ |

7. ਅੰਤ ਵਿੱਚ, ਹੁਣ ਤੁਹਾਡੇ ਵਿਚਾਰਾਂ ਨੂੰ ਸੁਰੱਖਿਅਤ ਕਰਨ ਦਾ ਸਮਾਂ ਹੈ |

ਉਕਤ ਵਰਨਣ ਕੀਤੇ ਸੂਤਰਾਂ ਦੀ ਪਾਲਣਾ ਕਰਕੇ ਵਿਦਿਆਰਥੀ ਆਪਣੇ ਢੰਗ ਨਾਲ ਬਹੁਤ ਵਧੀਆ ਲੇਖ ਲਿਖਣ ਦੇ ਸਮਰੱਥ ਹੋ ਜਾਣਗੇ | ਇੱਕ ਉੱਚ ਗੁਣਵੱਤਾ ਵਾਲਾ ਪ੍ਰੋਗ੍ਰਾਮ ਅਰਥਪੂਰਨ ਲੇਖਣ ਨਾਲ ਜੋੜਨ ਲਈ ਬੱਚਿਆਂ ਹਿੱਤ ਮੌਕਿਆਂ ਅਤੇ ਕੁਸ਼ਲ ਲੇਖਕ ਬਨਣ ਹਿੱਤ ਨੀਤੀਆਂ ਅਤੇ ਕੁਸ਼ਲਤਾ ਲਈ ਸ਼ਪੱਸ਼ਟ ਨਿਰਦੇਸ਼ ਪ੍ਰਾਪਤ ਕਰਨ ਵਿੱਚ ਸੰਤੁਲਨ ਪ੍ਰਦਾਨ ਕਰੇਗਾ | ਜਦੋਂ ਬੱਚਿਆਂ ਕੋਲ ਲਿਖਣ ਹਿੱਤ ਨਿਯਮਤ ਸਮਾਂ ਹੁੰਦਾ ਹੈ, ਉਹਨਾਂ ਦੇ ਲਿਖਤ ਕੰਮ ਨੂੰ ਅਰਥਯੋਗ ਮੰਨੋ ਅਤੇ ਮਿਤੱਰਾਂ, ਅਧਿਆਪਕਾਂ ਅਤੇ ਹੋਰਾਂ ਤੋਂ ਪ੍ਰਤੀਕ੍ਰਿਆ ਲਓ| ਉਹ ਲਿਖਣ ਲਈ ਪ੍ਰੇਰਿਤ ਹੁੰਦੇ ਹਨ ਅਤੇ ਲੇਖਣ ਦਾ ਉਦੇਸ਼ ਅਤੇ ਕੀਮਤ ਸਮਝਦੇ ਹਨ |

## 1.3 ਜੀਵਨੀ ਲੇਖਣ ਨਾਲ ਜੁੜਨਾ

### 1.3.1 ਜਾਣ ਪਹਿਚਾਣ

ਇੱਕ ਜੀਵਨੀ ਕਿਸੇ ਦੁਆਰਾ ਲਿਖੀ ਇੱਕ ਅਸਲ ਵਿਅਕਤੀ ਦੀ ਕਹਾਣੀ ਹੈ | ਇਹ ਇੱਕ ਪੇਜ਼ ਜਾਂ ਜਿਆਦਾ ਪੇਜ਼ਾਂ ਦੀ ਹੋ ਸਕਦੀ ਹੈ | ਜੀਵਨੀ ਲੇਖਣ ਤੋਂ ਭਾਵ ਹੈ ਕਿਸੇ ਦੇ ਜੀਵਨ ਦੀ ਕਹਾਣੀ | ਜੇਮਸ ਬੋਸਵੈਲ ਦੁਆਰਾ ਸੈਮੁਅਲ ਜਾਨਸਨ ਅਤੇ ਕਾਰਲ ਸੈਂਡਵਰਗ ਦੁਆਰਾ ਇਬਰਾਹਮ ਲਿੰਕਨ ਦੋ ਪ੍ਰਸਿਧ ਜੀਵਨੀਆਂ ਹਨ | ਲੇਖਕ ਦੀ ਆਪਣੀ ਜਿੰਦਗੀ ਦੀ ਕਹਾਣੀ ਸਵੈ-ਜੀਵਨੀ ਹੁੰਦੀ ਹੈ | ਅੱਜ ਕਲ, ਕੋਈ ਵੀ ਕਿਸੇ ਵੀ ਉਮਰ ਦਾ ਵਿਅਕਤੀ ਜੀਵਨੀ ਦਾ ਵਿਸ਼ਾ ਹੋ ਸਕਦਾ ਹੈ | ਜਸਟੀਨ ਬੀਬਰ 17 ਸਾਲ ਦੀ ਕੋਮਲ ਉਮਰ ਵਿੱਚ ਆਪਣੇ ਜੀਵਨ ਬਾਰੇ ਲਿਖਿਆ ਸੀ | ਇੱਕ ਜੀਵਨੀ ਨੂੰ ਸਵੈ-ਜੀਵਨੀ ਨਾਲ ਨਹੀਂ ਰਲਾਉਂਣਾ ਚਾਹੀਦਾ | ਸਵੈ-ਜੀਵਨੀ ਖੁਦ ਵਿਅਕਤੀ ਦੁਆਰਾ ਲਿਖਿਆ ਉਸਦੇ ਜੀਵਨ ਦਾ ਬਿਰਤਾਂਤ ਹੈ | ਤੁਹਾਨੂੰ ਜੀਵਨੀਆਂ ਪ੍ਰਕਾਸ਼ਤ ਰੂਪ ਵਿੱਚ ਮਿਲਣਗੀਆਂ (ਕਿਤਾਬਾਂ ਯਾਦ ਕਰੋ) ਪਰੰਤੂ ਇਹ ਈ-ਕਿਤਾਬਾਂ, ਨਾਟਕੀ ਰੂਪਾਤੰਰ ਅਤੇ ਚਲ-ਚਿਤੱਰ ਰੂਪ ਵਿੱਚ ਵੀ ਬਹੁਤ ਮਿਲਦੀਆਂ ਹਨ |

ਇੱਕ ਜੀਵਨੀ ਇੱਕ ਵਿਅਕਤੀ ਦੇ ਜੀਵਨ ਦੀ ਵਿਸਤਾਰਪੂਰਵਕ ਵਿਆਖਿਆ ਹੈ | ਇਸ ਵਿੱਚ ਮੁੱਢਲੇ ਤੱਥਾਂ ਜਿਵੇਂ ਸਿੱਖਿਆ, ਕੰਮ, ਰਿਸ਼ਤਿਆਂ ਅਤੇ ਮੌਤ ਤੋਂ ਇਲਾਵਾ ਹੋਰ ਬਹੁਤ ਕੁਝ ਸ਼ਾਮਲ ਹੁੰਦਾ ਹੈ | ਇਹ ਉਸ ਦੇ ਜੀਵਨ ਦੀਆਂ

ਘਟਨਾਵਾਂ ਦਰਸਾਉਂਦੀ ਹੈ | ਇੱਕ ਜੀਵਨੀ ਇੱਕ ਵਿਸ਼ੇ ਜਾਂ ਪਾਤਰ ਦਾ ਜੀਵਨ ਬਿਰਤਾਂਤ ਪੇਸ਼ ਕਰਦੀ ਹੈ, ਜਿਸ ਵਿੱਚ ਨਜ਼ਦੀਕੀ ਅਨੁਭਵ ਦੇ ਵੇਰੇਵੇ ਹੁੰਦੇ ਹਨ ਅਤੇ ਇਸ ਵਿੱਚ ਪਾਤਰ ਦੀ ਸ਼ਖਸ਼ੀਅਤ ਦੀ ਸਮੀਖਿਆ ਵੀ ਸ਼ਾਮਲ ਹੋ ਸਕਦੀ ਹੈ |

"ਜੀਵਨੀ ਇੱਕ ਸਾਹਿਤਕ ਸ਼ੈਲੀ ਹੈ ਜੋ ਜਿਆਦਾਤਰ ਇੱਕ ਕਾਲ ਕ੍ਰਮ ਵਿੱਚ ਇੱਕ ਵਿਅਕਤੀ ਦੇ ਜੀਵਨ ਵਿੱਚ ਹੋਈਆਂ ਸਾਰੀਆਂ ਘਟਨਾਵਾਂ ਦਾ ਉਲੇਖ ਕਰਦੀ ਹੈ" |

"ਜੀਵਨੀ ਕਿਸੇ ਹੋਰ ਵਿਅਕਤੀ ਜਾਂ ਲੇਖਕ ਦੁਆਰਾ ਲਿਖੀ ਇੱਕ ਵਿਅਕਤੀ ਦੇ ਜੀਵਨ ਦੀ ਕਹਾਣੀ ਨੂੰ ਬਿਆਨ ਕਰਦੀ ਹੈ | ਜੀਵਨੀਆਂ ਇੱਕ ਵਿਅਕਤੀ ਦੀ ਜਿੰਦਗੀ ਦੀਆਂ ਘਟਨਾਵਾਂ ਦੀ ਪੜਚੋਲ ਕਰਦੀਆਂ ਹਨ ਅਤੇ ਉਹਨਾਂ ਦੇ ਅਰਥ ਪਤਾ ਕਰਦੀਆਂ ਹਨ" |

1.3.2 ਜੀਵਨੀ ਲੇਖਣ

ਇਸ ਨੂੰ ਇਸਦਾ ਤੇਜੀ ਨਾਲ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਚਾਰ ਕਰਨਾ ਚਾਹੀਦਾ ਹੈ ਕਿ ਤੁਸੀਂ ਕੌਣ ਹੋ ਅਤੇ ਕੀ ਕਰਦੇ ਹੋ | ਇੱਕ ਵੈਬ ਪੇਜ਼ ਹਿੱਤ ਲਿਖੀ ਜੀਵਨੀ ਇੱਕ ਕਾਲਜ ਰਸਾਲਾ ਜਾਂ ਹੋਰ ਲਿਖਤ ਤੋਂ ਭਿੰਨ ਹੈ | ਆਪਣੀ ਜੀਵਨੀ ਨੂੰ ਉਚਿੱਤ ਰਸਮੀ, ਮਨੋਰੰਜਕ, ਪੇਸ਼ੇਵਰ ਜਾਂ ਵਿਅਕਤੀਗਤ ਬਣਾਉਣ ਹਿੱਤ ਆਪਣੇ ਲਹਿਜ਼ੇ ਵਿੱਚ ਬਦਲਾਅ ਲਿਆਓ |

ਜੀਵਨੀ ਲਿਖਣਾ, ਲਿਖਤ ਅਤੇ ਖੋਜ ਦਾ ਇੱਕ ਵਿਸ਼ੇਸ਼ ਰੂਪ ਹੈ ਕਿਉਂਕਿ ਇਸ ਦਾ ਵਿਸ਼ਾ ਵਿਅਕਤੀਆਂ ਦੀ ਜਿੰਦਗੀ ਹੁੰਦਾ ਹੈ | ਜੀਵਨੀ ਲੇਖਣ ਦੇ ਕਈ ਰੂਪ ਹੁੰਦੇ ਹਨ ਅਤੇ ਪ੍ਰਕਾਸ਼ਿਤ ਕਾਰਜ ਤੋਂ ਸਮਾਧੀ ਦੇ ਉਪੱਰ ਪੱਥਰ ਤੇ ਲਿੱਖਿਆ ਸਧਾਰਨ ਸਮਾਧੀ ਲੇਖ ਹੋ ਸਕਦਾ ਹੈ | ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾ ਜੀਵਨੀ ਸਾਰ ਤੋਂ ਜਾਣੂ ਹੋਣਾ ਚਾਹੀਦਾ ਹੈ | ਇੱਕ ਨਿਰਿਖਕ ਸਿੱਖਲਾਈ ਨਜਰੀਆ ਵਿਦਿਆਰਥੀਆਂ ਨੂੰ ਉਹਨਾਂ ਦੀ ਆਪਣੀ ਲਿਖਤ ਰਚਨ ਵਿੱਚ ਸਹਾਇਤਾ ਕਰ ਸਕਦਾ ਹੈ | ਜੀਵਨੀ ਲੇਖਣ ਭਾਸ਼ਾ ਦੇ ਅਧਿਆਪਕਾਂ ਨਾਲ ਸਬੰਧਤ ਹੈ | ਭਾਸ਼ਾ ਦੇ ਅਧਿਆਪਕ ਵਿਦਿਆਰਥੀਆਂ ਨੂੰ ਜੀਵਨੀ ਲੇਖਣ ਕੌਸ਼ਲ ਨੂੰ ਸਮਝੁਣ ਅਤੇ ਪਹਿਚਾਣਨ ਵਿੱਚ ਸਹਾਇਤਾ ਕਰ ਸਕਦੇ ਹਨ | ਲੇਖਣ ਸ਼ੁਰੂ ਕਰਣ ਤੋਂ ਵਿਦਿਆਰਥੀਆਂ ਇਹ ਜਾਣਨਾ ਜਰੂਰੀ ਹੈ ਕਿ ਉਹ ਕਿਸ ਬਾਰੇ ਲਿਖ ਰਹੇ ਹਨ | ਇਸਦਾ ਬਹੁਤ ਤੇਜੀ ਨਾਲ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਚਾਰ ਹੋਣਾ ਚਾਹੀਦਾ ਹੈ ਕਿ ਇਹ ਕੋਣ ਹੈ ਅਤੇ ਕੀ ਕਰਦਾ ਹੈ? ਮਾਹਰਾਂ ਦੁਆਰਾ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਜੀਵਨੀ ਤੀਕੇ ਧਿਰ ਵੱਲੋਂ ਲਿਖਣੀ ਚਾਹੀਦੀ ਹੈ |

ਭਾਵੇਂ ਤੁਸੀਂ ਇੱਕ ਪ੍ਰਮਾਣਿਤ ਲੇਖਕ ਬਣਨਾ ਚਾਹੁੰਦੇ ਹੋ ਜਾਂ ਤੁਹਾਡੇ ਕੋਲ ਕਿਸੇ ਵਿਅਕਤੀ ਬਾਰੇ ਲਿਖਨ ਦਾ ਇੱਕ ਸਕੂਲ ਪ੍ਰੋਜੇਕਟ ਹੈ, ਇੱਕ ਜੀਵਨੀ ਲਿਖਣ ਇੱਕ ਖਾਸ ਧਿਆਨ ਅਤੇ ਕੌਸ਼ਲ ਦੀ ਲੋੜ ਹੈ | ਇੱਕ ਜੀਵਨੀ ਵਿੱਚ ਤੁਸੀਂ ਕਿਸੇ ਦੀ ਜਿੰਦਗੀ ਬਾਰੇ ਦੱਸ ਰਹੇ ਹੋ | ਇਸ ਲਈ ਤੁਹਾਨੂੰ ਇਹ ਸੁਨਿਸ਼ਚਿਤ ਕਰ ਲੈਣਾ ਚਾਹੀਦਾ ਹੈ ਕਿ ਤੁਸੀਂ ਉਸ ਨੂੰ ਸਹੀ ਢੰਗ ਨਾਲ ਪੇਸ਼ ਕਰੋਂ ਅਤੇ ਇਹ ਕਿ ਤੁਸੀਂ ਰੋਚਕ ਅਤੇ ਦਿਲਚਸਪੀ ਜਾਣਕਾਰੀ ਲਿਖੋਂ ਜਿਸ ਨਾਲ ਤੁਹਾਡੇ ਪਾਠਕਾਂ ਨੂੰ ਇਹ ਮਹਿਸੂਸ ਹੋਵੇ ਕਿ ਉਹਨਾਂ ਨੇ ਤੁਹਾਡੇ ਲੇਖਣ ਤੋਂ ਕੁਝ ਸਿੱਖਿਆ ਹੈ |

ਬਹੁਤ ਲੋਕਾਂ ਲਈ, ਤੁਹਾਡੇ ਬਾਰੇ ਲਿਖਣਾ ਅਸਾਨ ਨਹੀਂ ਹੈ | ਭਾਵੇਂ ਤੁਸੀਂ ਆਪਣੇ ਖੇਤਰ ਵਿੱਚ ਸ਼ੁਰੂਆਤ ਕਰ ਰਹੇ ਹੋ, ਜਾਂ ਤੁਹਾਡੇ ਕੋਲ ਸਾਲਾਂ ਦਾ ਅਨੁਭਵ ਹੈ, ਕੁਝ ਹੀ ਵਾਕਾਂ ਵਿੱਚ ਵਰਣਨ ਕਰਨਾ ਇੱਕ ਚੁਣੋਤੀ ਹੈ | ਇਸ ਨੂੰ ਧਿਆਨਪੂਰਵਕ ਅਧਿਐਨ ਕਰਨ ਅਤੇ ਚੰਗੀ ਤਰਾਂ ਲਿਖਣ ਦੀ ਲੋੜ ਹੈ | ਇੱਕ ਵਧੀਆ ਜੀਵਨੀ ਚੁਣਨ ਦਾ ਮੂਲ ਮੰਤਰ ਇੱਕ ਚੰਗਾ ਵਿਸ਼ਾ ਚੁਣਨਾ ਹੈ ਜਿਸਨੇ ਇੱਕ ਰੋਚਕ ਜੀਵਨ ਬਤੀਤ ਕੀਤਾ ਹੈ | ਭਾਵੇਂ ਤੁਹਾਡੀ ਮਨਪਸੰਦ ਹਸਤੀ ਬਾਰੀ

ਲਿਖਣਾ ਲੁਭਾਉਣਾ ਹੋਵੇਗਾ, ਪਰੰਤੂ ਜਿਹੜੇ ਲੋਕਾਂ ਤੋਂ ਤੁਸੀਂ ਜਾਣੂ ਹੋ, ਉਹ ਵੀ ਵਰਣਨ ਕਰਨ ਹਿੱਤ ਵਧੀਆ ਵਿਸ਼ੇ ਹਨ | ਉਹ ਇੰਟਰਵਿਊ ਲਈ ਅਸਾਨੀ ਨਾਲ ਉਪਲਬੱਧ ਹੁੰਦੇ ਹਨ |

1.3.3 ਜੀਵਨੀ ਲੇਖਣ ਦੇ ਸੂਤਰ

1. ਮੰਥਨ

ਜੀਵਨੀ ਤੋਂ ਭਾਵ ਹੈ "ਜਿੰਦਗੀ ਬਾਰੇ ਲਿਖਣਾ" | ਇੱਕ ਚੰਗੀ ਜੀਵਨੀ ਲਿਖਣ ਦਾ ਮੂਲ ਮੰਤਰ ਇੱਕ ਵਧੀਆ ਸ਼ਖਸ਼ੀਅਤ ਜਿਸ ਨੇ ਰੋਚਕ ਜਿੰਦਗੀ ਬਤੀਤ ਕੀਤੀ ਹੈ, ਦੀ ਚੋਣ ਕਰਨਾ ਹੈ | ਭਾਵੇਂ ਤੁਹਾਡੀ ਆਪਣੀ ਮਨਪਸੰਦ ਹਸਤੀ ਬਾਰੇ ਲਿਖਣਾ ਰੋਚਕ ਹੋ ਸਕਦਾ ਹੈ , ਪਰੰਤੂ ਤੁਹਾਨੂੰ ਅਜਿਹੇ ਪਾਤਰ ਦੀ ਚੋਣ ਕਰਨ ਲਈ ਪੁਰਜੋਰ ਪ੍ਰੇਰਿਤ ਕੀਤਾ ਜਾਂਦਾ ਹੈ ਜਿਸ ਨੇ ਇੱਕ ਮਹਤੱਵਪੂਰਨ ਜਿੰਦਗੀ ਬਤੀਤ ਕੀਤੀ ਹੈ ਅਤੇ ਜਿਸ ਨੇ ਦੁਨੀਆਂ ਨੂੰ ਮਹਤੱਵਪੂਰਨ ਯੋਗਦਾਨ ਦਿੱਤਾ ਹੈ | ਪਛਾਤੇ ਵਿਅਕਤੀ ਵੀ ਚੰਗੇ ਪਾਤਰ ਹੋ ਸਕਦੇ ਹਨ | ਉਹ ਇੰਟਰਵਿਊ ਲਈ ਅਸਾਨੀ ਨਾਲ ਉਪਲਬੱਧ ਹੁੰਦੇ ਹਨ | ਤੁਸੀਂ ਉਹਨਾਂ ਬਾਰੇ ਹੋਰਾਂ ਨਾਲ ਵੀ ਅਸਾਨੀ ਨਾਲ ਇੰਟਰਵਿਊ ਕਰ ਸਕਦੇ ਹੋ | ਅਧਿਆਪਕ ਵਿਦਿਆਰਥੀਆਂ ਨੂੰ ਹੇਠ ਦਿੱਤੇ ਕਹਿ ਸਕਦੇ ਹਨ:

I. ਆਪਣੀ ਜੀਵਨੀ ਹਿੱਤ 10 ਸੰਭਵ ਪਾਤਰਾਂ/ਵਿਸ਼ਿਆ ਦੀ ਸੂਚੀ ਤਿਆਰ ਕਰਨ ਲਈ | ਦੁਨੀਆਂ ਵਿੱਚ ਉਹ ਸਾਰੇ ਵਿਅਕਤੀਆਂ ਬਾਰੇ ਸੋਚੋ ਜਿਹੜੇ ਤੁਹਾਨੂੰ ਆਕਰਸ਼ਿਤ ਕਰਦੇ ਹਨ | ਉਦਾਹਰਣਾ: ਬਿਲ ਕਲਿੰਟਨ (ਸਾਬਕਾ ਰਾਸ਼ਟਰਪਤੀ), ਵਿਲਿਅਮ ਸ਼ੇਕਸਪੀਅਰ (ਪ੍ਰਸਿੱਧ ਲੇਖਕ), ਤੁਹਾਡੇ ਪ੍ਰਿੰਸੀਪਲ, ਰਾਣੀ ਏਲੀਜ਼ਾਬੈਥ ( ਪ੍ਰਸਿੱਧ ਰਾਣੀ), ਤੁਹਾਡੇ ਅਧਿਆਪਕਾਂ ਵਿਚੋਂ ਇੱਕ, ਇੱਕ ਰਿਸ਼ਤੇਦਾਰ ਅਤੇ ਇੱਕ ਗੁਰੂ |

II. ਆਪਣੀ ਸੂਚੀ ਵਿੱਚ ਤਿੰਨ ਵਿਅਕਤੀਆਂ ਦੀ ਚੋਣ ਕਰੋ ਜੋ ਇੱਕ ਜੀਵਨੀ ਹਿੱਤ ਤੁਹਾਨੂੰ ਸਭ ਤੋਂ ਵਧੀਆ ਪਾਤਰ ਲਗਦੇ ਹਨ |

III. ਤਿੰਨੋ ਪਾਤਰਾਂ ਦੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਇੰਟਰਨੈਟ ਤੇ ਖੋਜ ਕਰੋ | ਜਿਥੋਂ ਤੱਕ ਤੁਹਾਡੇ ਸਮਾਜ ਦੇ ਵਿਅਕਤੀ ਦਾ ਸਵਾਲ ਹੈ ਜਿਵੇਂ ਤੁਹਾਡੇ ਪ੍ਰਿੰਸੀਪਲ ਜਾਂ ਅਧਿਆਪਕ – ਇੰਟਰਨੈਟ ਇੱਕ ਮਦੱਦਗਾਰ ਉਪਕਰਨ ਨਹੀਂ ਹੋਵੇਗਾ | ਉਹਨਾਂ ਬਾਰੇ ਜਾਣਕਾਰੀ ਇੱਕਤਰ ਕਰਨ ਲਈ ਤੁਹਾਨੂੰ ਵਿਅਕਤੀ ਨਾਲ ਸਿੱਧੇ ਗੱਲਬਾਤ ਕਰਨੀ ਪਵੇਗੀ |

IV. ਹੇਠਾਂ ਦਿੱਤੀ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਤਿੰਨੋਂ ਪਾਤਰਾਂ ਲਈ ਪ੍ਰਸ਼ਨਾ ਦੀ ਸੂਚੀ ਤਿਆਰ ਕਰੋ (ਹਾਂ ਜਾਂ ਨਾ)

- ਕੀ ਵਿਅਕਤੀ ਦੀ ਜਿੰਦਗੀ ਲਿਖਣਯੋਗ ਹੈ?
- ਕੀ ਵਿਅਕਤੀ ਬਾਰੇ ਤੁਹਾਡੇ ਡੂੰਘੇ ਅਹਿਸਾਸ ਹਨ?
- ਕੀ ਵਿਅਕਤੀ ਨੇ ਦੁਨੀਆਂ ਵਿੱਚ ਕੁਝ ਅਲੱਗ ਕੀਤਾ ਹੈ?
- ਕੀ ਵਿਅਕਤੀ ਤੁਹਾਨੂੰ ਆਕਰਸ਼ਿਤ ਕਰਦਾ ਹੈ?
- ਕੀ ਵਿਅਕਤੀ ਦੀ ਜਿੰਦਗੀ ਇੱਕ ਵਧੀਆ ਕਹਾਣੀ ਬਣਾਉਂਦੀ ਹੈ?

V. ਹੁਣ ਇਹ ਫੈਸਲਾ ਲੈਣ ਦਾ ਸਮਾਂ ਹੈ ਕਿ ਕਿਸ ਵਿਅਕਤੀ ਦਾ ਜੀਵਨ ਇੱਕ ਵਧੀਆ ਕਹਾਣੀ ਹੋ ਸਕਦੀ ਹੈ | ਬਸ, ਇਹੋ ਤੁਹਾਡਾ ਵਿਸ਼ਾ ਹੈ !

2. ਖੋਜ਼

ਹੁਣ ਵਿਦਿਆਰਥੀ ਆਪਣਾ ਵਿਸ਼ਾ ਚੁਣ ਸਕਦੇ ਹਨ, ਜਿਸ ਨੂੰ ਜੀਵਨੀ ਖੋਜ ਕਿਹਾ ਜਾ ਸਕਦਾ ਹੈ | ਜੀਵਨੀ ਖੋਜ ਜਸੂਸੀ ਕੰਮ ਵਰਗਾ ਹੈ |

I. ਆਪਣੇ ਵਿਸ਼ੇ ਬਾਰੇ ਜਾਣਕਾਰੀ ਇੱਕਤਰ ਕਰਨ ਹਿੱਤ ਇੰਟਰਨੈਟ, ਲਾਈਬ੍ਰੇਰੀ, ਅਖਬਾਰ ਲੇਖ, ਰਸਾਲਾ ਲੇਖ, ਜੀਵਨੀਆਂ ਅਤੇ ਇਤਹਾਸ ਦੀਆਂ ਕਿਤਾਬਾਂ ਦੇਖੋ | ਜੇਕਰ ਤੁਹਾਡਾ ਵਿਸ਼ਾ ਸਮਾਜ ਦਾ ਮੈਂਬਰ ਹੈ, ਵੇਰੇਵੇ ਇੰਟਰਵਿਊ ਰਾਹੀਂ ਨਿਕਾਲੋ | ਵਿਸ਼ੇ ਦੀ ਇੰਟਰਵਿਊ ਲਓ; ਉਹਨਾਂ ਲੋਕਾਂ ਦੀ ਇੰਟਰਵਿਊ ਲਓ ਜੋ ਤੁਹਾਡੇ ਵਿਸ਼ੇ ਨੂੰ ਜਾਣਦੇ ਹਨ ਅਤੇ ਉਹਨਾਂ ਲੋਕਾਂ ਦੀ ਇੰਟਰਵਿਊ ਲਓ ਜੋ ਤੁਹਾਡੇ ਵਿਸ਼ੇ ਬਾਰੇ ਕੋਈ ਰਾਇ ਰੱਖਦੇ ਹਨ |

II. ਆਪਣੇ ਵਿਸ਼ੇ ਬਾਰੇ ਕੁਝ ਮੁੱਢਲੀ ਜਾਣਕਾਰੀ ਪ੍ਰਾਪਤ ਕਰੋ ਜਿਵੇਂ ਜਨਮ ਮਿਤੀ/ ਮੌਤ, ਜਨਮ ਸਥਾਨ, ਮਾਪੇ/ ਭਾਈ-ਭੈਣ, ਵਿੱਦਿਅਕ ਪਿਛੋਕੜ, ਪੇਸ਼ਾ, ਵਿਆਹ/ ਬੱਚੇ, ਮਨਪਸੰਦ ਕਿਤਾਬ, ਸੰਗੀਤ, ਕਲਾ ਅਤੇ ਸ਼ੌਕ |

III. ਪਤਾ ਕਰੋ ਕਿ ਕਿਹੜੀਆਂ ਘਟਨਾਵਾਂ ਨੇ ਤੁਹਾਡੇ ਵਿਸ਼ੇ ਦੀ ਜਿੰਦਗੀ ਨੂੰ ਰੂਪ ਦਿੱਤਾ ਜਿਵੇਂ ਮਹਾਨ ਉਪਲਬੱਧੀਆਂ, ਸਭ ਤੋਂ ਭੈੜੀ ਨਾਕਾਮੀ, ਸਭ ਤੋਂ ਵੱਡੀ ਅੜਚਨ ਦੂਰ ਕਰਨਾ ਅਤੇ ਦੁਨੀਆਂ ਨੂੰ ਦਿੱਤਾ ਸਭ ਤੋਂ ਵੱਡਾ ਯੋਗਦਾਨ |

IV. ਪਤਾ ਕਰੋ ਕਿ ਕਿਹੜੇ ਲੋਕਾਂ ਨੇ ਤੁਹਾਡੇ ਵਿਸ਼ੇ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ; ਸਭ ਤੋਂ ਜਿਆਦਾ ਪ੍ਰਭਾਵਿਤ ਕਰਨ ਵਾਲਾ ਅਧਿਆਪਕ, ਸਭ ਤੋਂ ਵੱਡਾ ਦੁਸ਼ਮਣ, ਸਭ ਤੋਂ ਪਿਆਰਾ/ਪਿਆਰੇ ਮਿਤੱਰ, ਨਾਇਕ, ਅਨੁਕਰਨੀ ਵਿਅਕਤੀ ਅਤੇ ਪਰਿਵਾਰਕ ਮੈਂਬਰ |

3. ਲਿਖੋ

ਹੁਣ ਵਿਦਿਆਰਥੀਆਂ ਨੇ ਕਾਫੀ ਤੱਥ ਅਤੇ ਉਦਾਹਰਣ ਇਕੱਠੇ ਕਰ ਲਏ ਹਨ | ਲਿਖਣ ਦਾ ਵਕਤ ਆ ਗਿਆ |

I. ਆਪਣੀ ਜੀਵਨੀ ਨੂੰ ਸੰਗਠਿਤ ਕਰਨ ਹਿੱਤ, ਤੁਹਾਡੇ ਵਿਸ਼ੇ ਦੇ ਜੀਵਨ ਦੀਆਂ ਘਟਨਾਵਾਂ ਨੂੰ ਸਮਾਂ ਕ੍ਰਮ ਅਨੁਸਾਰ ਕਰੋ | ਜਦੋਂ ਤੁਸੀਂ ਲਿਖਣਾ ਸ਼ੁਰੂ ਕਰਦੇ ਹੋ, ਇਹਨਾਂ ਨੂੰ ਤਿਆਰ ਰਖੋ | ਜਨਮ, ਵਿੱਦਿਆ, ਵਿਆਹ / ਬੱਚੇ, ਉਪਲਬੱਧੀਆਂ, ਨਾਕਾਮੀਆਂ ਅਤੇ ਮੌਤ ਵਰਗੀਆਂ ਘਟਨਾਵਾਂ ਸ਼ਾਮਲ ਕਰੋ |

ਤੁਹਾਨੂੰ ਆਪਣੇ ਵਿਸ਼ੇ ਬਾਰੇ ਸਭ ਤੋਂ ਰੋਚਕ ਗੱਲ ਕੀ ਪਤਾ ਲੱਗੀ ਹੈ , ਇਥੋਂ ਤੁਹਾਡੀ ਕਹਾਣੀ ਸ਼ੁਰੂ ਹੋਣੀ ਚਾਹੀਦੀ ਹੈ | ਜਿਵੇਂ ਜਿਵੇ ਕਹਾਣੀ ਅੱਗੇ ਵੱਧਦੀ ਹੈ, ਬਾਕੀ ਦੇ ਵੇਰੇਵਿਆਂ ਤੇ ਕੰਮ ਕਰੋ |

II ਆਪਣੀ ਜੀਵਨੀ ਦਾ ਪਹਿਲਾ ਡ੍ਰਾਫਟ ਲਿਖੋ | ਪਹਿਲਾ ਡ੍ਰਾਫਟ ਲਿਖਦੇ ਹੋਏ ਵਿਦਿਆਰਥੀ ਇਮਾਨਦਾਰ ਹੋਣੇ ਚਾਹੀਦੇ ਹਨ | ਆਪਣੇ ਵਿਸ਼ੇ ਬਾਰੇ ਸੱਚ ਦੱਸੋ | ਚੰਗਾ ਅਤੇ ਮਾੜਾ | ਦਰੁਸਤ ਰਹੋ | ਦੂਜੇ ਸਰੋਤਾਂ ਦਾ ਹਵਾਲਾ ਲੈਕੇ ਤੱਥਾਂ ਦਾ ਨਿਰਿਖਣ ਕਰੋ | ਸ਼ਪੱਸ਼ਟ ਰਹੋ | ਹਮੇਸ਼ਾਂ ਆਪਣੇ ਪਾਠਕਾਂ ਨੂੰ ਧਿਆਨ ਵਿੱਚ ਰੱਖੋ |

III ਇਹ ਤੁਹਾਡੀ ਜੀਵਨੀ ਨੂੰ ਉੱਚੀ ਉੱਚੀ ਪੜਣ ਦਾ ਸਮਾਂ ਹੈ | ਇਹ ਹੇਠਾਂ ਦਿੱਤੇ ਪ੍ਰਸ਼ਨਾਂ ਦਾ ਜਵਾਬ ਦੇਣ ਵਿੱਚ ਮੱਦਦ ਕਰੇਗਾ |

- ਮੈਨੂੰ ਮੇਰੇ ਵਿਸ਼ੇ ਬਾਰੇ ਕੀ ਨਵੀਂ ਜਾਣਕਾਰੀ ਪ੍ਰਾਪਤ ਹੋਈ ਹੈ?
- ਕੀ ਮੇਰੀ ਕਹਾਣੀ ਹਮੇਸ਼ਾਂ ਸ਼ਪੱਸ਼ਟ ਰਹੀ ਹੈ? ਜੇਕਰ ਨਹੀਂ ਤਾਂ ਸ਼ਪੱਸ਼ਟਤਾ ਕਿਥੇ ਟੁੱਟੀ ਹੈ ?

- ਮੇਰੇ ਵਿਸ਼ੇ ਬਾਰੇ ਮੈਨੂੰ ਹੋਰ ਕੀ ਵਾਧੂ ਜਾਣਨ ਦੀ ਲੋੜ ਹੈ?
- ਕੀ ਪੈਰਿਆਂ ਵਿੱਚ ਤਬਦੀਲੀ ਤੁੱਕ ਬਣਾਉਂਦੀ ਹੈ? ਕੀ ਕਹਾਣੀ ਪਾਠਕਾਂ ਨੂੰ ਉਲਝਾਏ ਬਿਨਾਂ ਇੱਕ ਪੈਰੇ ਤੋਂ ਦੂਜੇ ਪੈਰੇ ਤੱਕ ਜਾਂਦੀ ਹੈ |

Iv ਤੁਹਾਡੇ ਜਵਾਬਾਂ ਦੇ ਅਧਾਰ ਤੇ ਹੁਣ ਕਹਾਣੀ ਨੂੰ ਦੋਹਰਾਣ ਦਾ ਸਮਾਂ ਹੈ | ਸ਼ਬਦ ਅਤੇ ਵਿਆਕਰਣ ਚੈਕ ਕਰੋ। ਟੂੱਕਾਂ ਦੀ ਦੁਰੁਸਤਤਾ ਚੈਕ ਕਰੋ | ਸਾਰੇ ਤੱਥਾਂ ਦੀ ਦੋ ਬਾਰ ਜਾਂਚ ਕਰੋ |

ਜੀਵਨੀ ਖਤਮ ਹੋਣ ਤੇ ਅਧਿਆਪਕ ਵਿਦਿਆਰਥੀ ਲੇਖਕਾਂ ਨੂੰ ਵਧਾਈ ਲਾਜ਼ਮੀ ਦੇਵੇ |

1.3.4 ਤੀਜਾ ਧਿਰ ਜੀਵਨੀ ਦਾ ਨਮੂੰਨਾ ਹੇਠਾਂ ਦਿੱਤਾ ਹੈ:

ਜੈਨੀ ਹੈਨ ਕੈਲੀਫੁਰਨੀਆ ਸਟੇਟ ਯੂਨੀਵਰਸਿਟੀ ਵਿੱਚ ਇੱਕ ਸੀਨੀਅਰ ਵਿਦਿਆਰਥਣ ਹੈ ਅਤੇ ਮੌਜੂਦਾ ਮਲਟੀਮੀਡੇਆ ਆਰਟਸ ਵਿੱਚ ਬੈਚਲਰ ਡਿਗਰੀ ਕਰ ਰਹੀ ਹੈ | ਮਲਟੀਮੀਡੇਆ ਵਿਦਿਆਰਥਣ ਹੋਣ ਦੇ ਨਾਤੇ ਉਹ ਅਲੱਗ ਅਲੱਗ ਖੇਤਰਾਂ ਵਿੱਚ ਕੰਮ ਕਰਨ ਲਈ ਸਿੱਖਲਾਈ ਪ੍ਰਾਪਤ ਹੈ ਜਿਵੇਂ ਪਤੱਰਕਾਰਤਾ, ਪ੍ਰਸਾਰਣ, ਫਿਲਮ ਬਣਾਉਣਾ ਅਤੇ ਇਵੈਂਟ ਪਲਾਨਿੰਗ | ਇਹ ਉਸਦੀ ਲਗਣ ਹੈ ਜੋ ਉਸ ਨੂੰ ਬਾਕੀਆਂ ਤੋਂ ਅਲੱਗ ਬਣਾਉਂਦੀ ਹੈ |

ਉਸ ਨੇ ਆਪਣੀ ਮੁੱਢਲੀ ਵਿੱਦਿਆ ਸੁਆਗਤੀ ਤੌਰ ਤੇ ਖਤਮ ਕੀਤੀ | ਇਹ ਆਪਣੀ ਮਿਡਲ ਅਤੇ ਹਾਈ ਕਲਾਸ ਵਿੱਚ ਉੱਪਰਲੇ 10 ਵਿਦਿਆਰਥੀਆਂ ਵਿਚੋਂ ਇੱਕ ਸੀ ਅਤੇ ਉਸ ਨੂੰ ਆਪਣੀ ਪਸੰਦ ਦੀ ਕੋਈ ਵੀ ਯੁਨੀਵਰਸਿਟੀ ਵਿੱਚ ਇਸਤੇਮਾਲ ਕਰਣ ਲਈ ਸੰਪੂਰਨ ਅਕਾਦਮਿਕ ਵਜੀਫਾ ਪ੍ਰਦਾਨ ਕੀਤਾ ਗਿਆ | ਜੈਨੀ ਵਿੱਚ ਫਿਲਮ ਬਣਾਉਂਣ ਦਾ ਵੀ ਜੋਸ਼ ਸੀ ਅਤੇ ਉਸ ਨੇ ਗਰਮੀਆਂ ਦੇ ਆਪਣੇ ਖਾਲੀ ਵਕਤ ਵਿੱਚ ਆਪਣੇ ਕੋਰਸ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋਏ ਮਿਉਜ਼ਿਕ ਵੀਡੀਉ ਅਤੇ ਲਘੂ ਫਿਲਮਾਂ ਦਾ ਨਿਰਦੇਸ਼ਨ ਕੀਤਾ ਅਤੇ ਇਥੋਂ ਤੱਕ ਕਿ ਆਪਣੀਆਂ ਮਿਉਜ਼ਿਕ ਵੀਡੀਓ ਵਿੱਚ ਕੰਮ ਵੀ ਕੀਤਾ | ਉਹ ਇੱਕ ਪੂਰਨ ਵਿਕਸਿਤ ਸ਼ਖਸ਼ੀਅਤ ਹੈ ਜੋ ਜੋਸ਼, ਲਗਨ ਅਤੇ ਗੋਰਵ ਨਾਲ ਜਿੰਦਗੀ ਵਤੀਤ ਕਰਦੀ ਹੈ |

1.3.5 ਵਿਅਕਤੀਗਤ ਜੀਵਨੀ ਲਿਖਣ ਦੇ ਸੂਤਰ

ਲਿਖਣ ਦੇ ਉਦੇਸ਼ ਨੂੰ ਧਿਆਨ ਵਿੱਚ ਲਾਜ਼ਮੀ ਰੱਖਣਾ ਚਾਹੀਦਾ ਹੈ | ਕੀ ਤੁਸੀਂ ਵਿਸ਼ੇਸ਼ ਕਿਸਮ ਦੇ ਸਰੋਤਿਆਂ ਨੂੰ ਆਪਣੀ ਪਹਿਚਾਣ ਦੇਣ ਲਈ ਲਿੱਖ ਰਹੇ ਹੋ ਜਾਂ ਤੁਹਾਡੀ ਜੀਵਨੀ ਕਿਸੇ ਨੂੰ ਵੀ ਆਮ ਜਾਣਕਾਰੀ ਪ੍ਰਦਾਨ ਕਰਨ ਲਈ ਹੈ | ਆਪਣੀ ਵਿਅਕਤੀਗਤ ਜੀਵਨੀ ਨੂੰ ਕੁਝ ਸ਼ਬਦਾਂ ਤੱਕ ਹੀ ਸੀਮਿਤ ਰੱਖੋ | ਸਿਰਫ ਵਿਅਕਤੀਗਤ ਜੀਵਨੀ ਹਿੱਤ ਆਦਤਾਂ, ਨਿਜ਼ੀ ਵਿਸ਼ਵਾਸ ਅਤੇ ਟੀਚੇ ਵਰਗੇ ਵੇਰੇਵੇ ਸ਼ਾਮਲ ਕਰੋ | ਪੇਸ਼ੇਵਰ ਜੀਵਨੀ ਦੀ ਤਰਾਂ, ਤੁਹਾਡੀ ਵਿਅਕਤੀਗਤ ਜੀਵਨੀ ਪਾਠਕਾਂ ਨੂੰ ਤੁਹਾਡੇ ਬਾਰੇ ਸਪੱਸ਼ਟ ਜਾਣਕਾਰੀ ਦੇਵੇ ਕਿ ਤੁਸੀਂ ਕੋਣ ਹੋ, ਤੁਸੀਂ ਕੀ ਕੰਮ ਕਰਦੇ ਹੋ ਅਤੇ ਤੁਸੀਂ ਇਹ ਕਿੰਨੇ ਚੰਗੀ ਤਰਾਂ ਕਰਦੇ ਹੋ | ਪਰੰਤੂ ਤੁਸੀਂ ਪੇਸ਼ੇਵਰ ਜੀਵਨੀ ਦੇ ਮੁਕਾਬਲੇ ਲਹਿਜ਼ਾ ਗੈਰ-ਰਸਮੀ ਰੱਖ ਸਕਦੇ ਹੋ |

1.3.6 ਇੱਕ ਲਘੂ ਵਿਅਕਤੀਗਤ ਜੀਵਨੀ ਦਾ ਨਮੂੰਨਾ ਹੇਠਾਂ ਦਿੱਤਾ ਹੈ:

ਮੇਰਾ ਨਾਂਮ ਸਿਸਿਲ ਲੀਵੀਸ ਹੈ , ਅਤੇ ਮੈਂ ਇੱਕ ਉਤੱਰਜੀਵੀ ਹਾਂ | ਕਈ ਹਫ਼ਤਿਆਂ ਤੱਕ ਮੈਂ ਥਾਈਲੈਂਡ ਵਿੱਚ ਆਪਣੇ ਪਰਿਵਾਰ ਦੀਆਂ ਛੁੱਟੀਆਂ ਦੀ ਕਲਪਨਾ ਕੀਤੀ | ਇੱਹ ਛੁੱਟੀ ਸ਼ਿਕਾਗੋ ਵਿੱਚ ਇੱਕ ਮਧਿਅਮ ਅਕਾਰ ਦੇ ਕਾਰੋਬਾਰ ਵਿੱਚ ਵਕੀਲ ਦੇ ਰੂਪ ਵਿੱਚ ਮੇਰੇ ਥਕਾਵਟ ਭਰੇ ਸਮੇਂ ਤੋਂ ਦੂਰ ਬਹੁਤ ਜਰੂਰੀ ਸੀ | ਪਰੰਤੂ ਜਦੋਂ ਇਹ ਵਕਤ ਆਇਆ ਤਾਂ ਉਥੇ ਬਿਲਕੁਲ ਵੀ ਅਰਾਮ ਨਹੀ ਆਇਆ, ਜਿੰਦਗੀ ਦੀ ਕੁਝ ਹੋਰ ਹੀ ਯੋਜਨਾ ਸੀ| ਉਸ ਛੁੱਟੀ ਦੌਰਾਨ ਸਾਡਾ ਹੋਟਲ ਸੁਨਾਮੀ ਨਾਲ ਤਬਾਹ ਹੋ ਗਿਆ, ਸਾਨੂੰ ਜਲਦੀ ਨਾਲ ਬਾਹਰ ਨਿਕਾਲਿਆ ਗਿਆ | ਜਦੋਂ ਅਸੀਂ ਇਹ ਖਬਰ ਸੁਣੀ ਅਸੀਂ ਪਹਾੜ ਤੇ ਪੈਦਲ ਯਾਤਰਾ ਕਰ ਰਹੇ ਸੀ | ਪਾਣੀ ਕਿਨਾਰੇ ਤੇ ਆਉਣ ਤੋਂ ਪਹਿਲਾਂ ਅਸੀਂ ਇੱਕ ਸੁੱਰਖਿਅਤ ਥਾਂ ਲੱਭਣ ਲਈ ਚਲੇ ਗਏ | ਅਸੀਂ ਸੁਨਾਮੀ ਤੋਂ ਬੱਚ ਗਏ | ਇਹ ਕੁਦਰਤੀ ਸੀ | ਜਦੋਂ ਅਸੀਂ ਕਈ ਦਿਨਾਂ ਬਾਅਦ ਵਾਪਸ ਆਏ, ਅਸੀਂ ਦੇਖਿਆ ਕਿ ਸਾਡਾ ਹੋਟਲ ਨਹੀਂ ਬਚਿਆ ਸੀ |

## 1.4 ਸਾਰਾਂਸ਼

ਇੱਕ ਜੀਵਨੀਕਾਰ ਦੇ ਤੌਰ ਤੇ ਸਭ ਤੋਂ ਮਹਤੱਵਪੂਰਨ ਚੀਜ਼ ਜੋ ਤੁਸੀਂ ਕਰ ਸਕਦੇ ਹੋ ਉਹ ਇਹ ਹੈ ਕਿ ਦਿਲ ਤੋਂ ਲਿਖੋ | ਸਿਰਫ ਉਸ ਬਾਰੇ ਲਿਖੋ ਜਿਸ ਨੂੰ ਤੁਸੀਂ ਦਿਲ ਤੋਂ ਸਾਕਰਾਤਮਕ ਜਾਂ ਨਾਕਾਰਾਤਮਕ ਪਸੰਦ ਕਰਦੇ ਹੋ | ਉਦਾਂ ਹੀ ਤੁਹਾਡੇ ਪਾਠਕ ਪਸੰਦ ਕਰਣਗੇ | ਜੇਕਰ ਤੁਸੀਂ ਅਜਿਹੇ ਵਿਅਕਤੀ ਦੀ ਜੀਵਨੀ ਲਿਖਦੇ ਹੋ ਜਿਸ ਨੂੰ ਤੁਸੀਂ ਪਸੰਦ ਨਹੀਂ ਕਰਦੇ, ਸੰਭਵਤਾ ਪੈਸੇ ਲਈ, ਜਾਂ ਕਿਉਂਕਿ ਤੁਹਾਨੂੰ ਇੱਕ ਵਧੀਆ ਠੇਕਾ ਮਿਲਿਆ ਹੈ , ਪਾਠਕ ਤੁਹਾਡੀ ਕਿਤਾਬ ਖਤਮ ਨਹੀਂ ਕਰਣਗੇ | ਅੰਤ ਵਿੱਚ, ਲਿਖਤ ਦੀ ਸ਼ੈਲੀ ਪਤਾ ਕਰੋ ਜੋ ਤੁਹਾਨੂੰ ਸਭ ਤੋਂ ਜਿਆਦਾ ਅਨੰਦ ਦਿੰਦੀ ਹੈ, ਅਤੇ ਉਸ ਸ਼ੈਲੀ ਨਾਲ ਚਿਪਕੇ ਰਹੋ | ਭਾਸ਼ਾ ਕੁਸ਼ਲਤਾ ਇੱਕ ਵਿਅਕਤੀ ਦੀ ਹਾਸਲ ਭਾਸ਼ਾ ਵਿੱਚ ਬੋਲਣ ਜਾਂ ਲਿਖਣ ਦੀ ਸਮਰੱਥਾ ਹੈ | ਵਿਭਿੰਨ ਰਣਨੀਤੀਆਂ ਦਾ ਇਸਤੇਮਾਲ ਕਰਦੇ ਹੋਏ, ਕੁਸ਼ਲਤਾ ਅਤੇ ਭਾਸ਼ਾ ਕਾਬਲੀਅਤ ਸ਼ੁੱਧਤਾ ਅਤੇ ਰਵਾਨਗੀ ਨੂੰ ਦਰਸਾਉਂਦੀ ਹੈ | ਮਾਂ ਬੋਲੀ ਬੋਲਣ ਵਾਲੇ ਕੁਸ਼ਲ ਸਮਝੇ ਬਿਨਾਂ ਰਵਾਨਗੀ ਨਾਲ ਬੋਲ ਸਕਦੇ ਹਨ | ਵਿਦਿਆਰਥੀ ਆਪਣੇ ਕੌਸ਼ਲ ਵਿਕਾਸ ਵਿੱਚ ਕੁਸ਼ਲ ਹੋ ਸਕਦੇ ਹਨ ਜਦੋਂ ਇੱਕ ਅਧਿਆਪਕ ਉਹਨਾਂ ਦੀ ਸਹਾਇਤਾ ਕਰਦਾ ਹੈ ਅਤੇ ਇੱਕ ਪ੍ਰਦਰਸ਼ਨੀ ਵਿੱਚ ਕੁਝ ਚੋਣੀਂਦਾ ਲੇਖ ਅਤੇ ਜੀਵਨੀਆਂ ਲਿਖਣ ਦਾ ਮੌਕਾ ਦਿੰਦਾ ਹੈ |

## 1.5 ਪ੍ਰਸਤਾਵਿਤ ਪ੍ਰਸ਼ਨ

1. ਵਿਆਖਿਆਤਮਕ ਲਿਖਤ ਬਾਰੇ ਤੁਸੀਂ ਕੀ ਸਮਝਦੇ ਹੋ? ਇਸ ਨੂੰ ਲਿਖਣ ਦੀਆਂ ਪ੍ਰਭਾਵਸ਼ਾਲੀ ਸ਼ੈਲੀਆਂ ਕਿਹੜੀਆਂ ਹਨ ?
2. ਲੇਖ ਲੇਖਣ ਤੋਂ ਕੀ ਭਾਵ ਹੈ? ਚੋਣੀਂਦਾ ਲੇਖ ਲਿਖਣ ਲਈ ਅਧਿਆਪਕ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ?
3. ਇਕ ਵਧੀਆ ਜੀਵਨੀ ਕਿਵੇਂ ਲਿਖੀ ਜਾ ਸਕਦੀ ਹੈ? ਆਪਣੇ ਪਿਤਾ ਉਪੱਰ ਇੱਕ ਵਿਅਕਤੀਗਤ ਜੀਵਨੀ ਲਿਖੋ |

## 1.6 ਸੁਝਾਈਆਂ ਪੁਸਤਕਾਂ


1. Aggarwal, J.C. (2003), "Teaching of commerce", A Practical Approach, Vikas Publishing House Pvt. Ltd., Noida, Uttar Pradesh.
2. Nandra, I.D.S. (2017) Strengthening Langugae Proficiency, Twenty First century Publications, Patiala, Punjab.


ਬੀ.ਐਡ ਭਾਗ-ਦੂਜਾ ਪੇਪਰ ਤੇਈ

**ਭਾਸ਼ਾ ਕੁਸ਼ਲਤਾ ਦਾ ਸਸ਼ਕਤੀਕਰਨ**

**ਪਾਠ ਨੰ. 1.2** **ਲੇਖਿਕਾ : ਡਾ. ਕਿਰਣ ਸਚਦੇਵਾ**

# ਅਖਬਾਰ ਲੇਖਣ, ਰਸਾਲਾ ਅਤੇ ਸਮਕਾਲੀ ਵਿਦਿਅਕ ਮੁੱਦੇ

**ਢਾਚਾ**


**2.0 ਉਦੇਸ਼**

2.1 ਅਖਬਾਰ ਲੇਖਣ ਨਾਲ ਜੁੜਨਾ

2.1.1 ਜਾਣ ਪਹਿਚਾਣ

2.1.2 ਅਖਬਾਰ ਲੇਖਣ – ਅਧਿਆਪਨ ਵਿੱਚ ਇੱਕ ਸਹਾਇਤਾ

2.1.3 ਵਿਦਿਆਰਥੀਆਂ ਨੂੰ ਅਖਬਾਰ ਵਿੱਚ ਲੇਖ ਲਿਖਣ ਵਿੱਚ ਸ਼ਾਮਲ ਕਰਨਾ

2.2 ਵਿਦਿਆਰਥੀਆਂ ਨੂੰ ਰਸਾਲਾ ਲੇਖਣ ਵਿੱਚ ਸ਼ਾਮਲ ਕਰਨਾ

2.2.1 ਜਾਣ ਪਹਿਚਾਣ

2.2.2 ਰਸਾਲਾ ਲੇਖਣ ਦੀ ਪ੍ਰਕ੍ਰਿਆ

2.2.3 ਵਿਦਿਆਰਥੀਆਂ ਨੂੰ ਰਸਾਲਾ ਲੇਖਣ ਵਿੱਚ ਸ਼ਾਮਲ ਕਰਨਾ

2.2.4 ਅਖਬਾਰ ਲੇਖਣ ਅਤੇ ਰਸਾਲਾ ਲੇਖਣ ਵਿੱਚ ਅੰਤਰ

2.2.5 ਨਿਚੋੜ

2.3. ਵਿਦਿਆਰਥੀਆਂ ਨੂੰ ਅਧੁਨਿਕ ਵਿਦਿਅਕ ਮੁੱਦਿਆਂ ਦੇ ਲੇਖਣ ਵਿੱਚ ਸ਼ਾਮਲ ਕਰਨਾ

2.3.1 ਜਾਣ ਪਹਿਚਾਣ

2.3.2 ਵਿਦਿਆਰਥੀਆਂ ਨੂੰ ਇੱਕ ਵਿੱਦਿਅਕ ਮੁੱਦਾ ਲਿਖਣ ਨਾਲ ਜੋੜਨਾ

2.3.3 ਭਾਰਤ ਵਿੱਚ ਆਧੁਨਿਕ ਵਿੱਦਿਅਕ ਮੁੱਦੇ

2.3.4 ਇੱਕ ਵਿੱਦਿਅਕ ਮੁੱਦੇ ਦੀ ਉਦਾਹਰਣ

2.4 ਸਾਰ

2.5 ਪ੍ਰਸਤਾਵਿਤ ਪ੍ਰਸ਼ਨ

2.6 ਪ੍ਰਸਤਾਵਿਤ ਪੁਸਤਕਾਂ

**2.0 ਉਦੇਸ਼:**

1) ਇਹ ਪਾਠ ਪੜ੍ਹਨ ਤੋਂ ਬਾਅਦ ਤੁਸੀ ਵਿਆਖਿਆ ਲੇਖਣ ਬਾਰੇ ਜਾਣ ਸਕੋਗੇ।
2) ਇਹ ਪਾਠ ਪੜ੍ਹਨ ਤੋਂ ਬਾਅਦ ਤੁਸੀ ਲੇਖ ਲੇਖਣ ਅਤੇ ਜੀਵਨੀ ਲੇਖਣ ਬਾਰੇ ਜਾਣ ਸਕੋਗੇ।

2.1 ਅਖਬਾਰ ਲੇਖਣ ਨਾਲ ਜੁੜਨਾ

2.1.1 ਜਾਣ ਪਹਿਚਾਣ

ਅਖਬਾਰ ਕਲਾਸਰੂਮ ਵਿੱਚ ਵਿੱਦਿਅਕ ਉੱਪਕਰਣ ਵਜੋਂ ਕਾਫ਼ੀ ਵਰਤੋਂ ਕੀਤਾ ਜਾਣ ਵਾਲਾ ਸਾਧਨ ਹੈ, ਜੋ ਕਿ ਹਰ ਇੱਕ ਪਾਠਕ੍ਰਮ ਦੇ ਖੇਤਰ ਵਿੱਚ ਨਿਉਜਪੇਪਰ ਇਨ ਐਜੂਕੇਸ਼ਨ (ਐਨ ਆਈ ਈ) ਕਹੇ ਜਾਣ ਵਾਲੇ ਪ੍ਰਕਾਸਕਾਂ ਦੁਆਰਾ ਹਰ ਸਾਲ ਕਰਵਾਈ ਗਈ ਮੁਹਿੰਮ ਦਾ ਨਤੀਜਾ ਹੈ |

ਅਖਬਾਰ ਵਿੱਚ ਲੇਖ ਲਿਖਣਾ ਦੂਜੇ ਲੇਖ ਲਿਖਣ ਤੋਂ ਅਲਗ ਹੈ ਕਿਉਂਕਿ ਅਖਬਾਰਾਂ ਦਾ ਲੇਖ ਇੱਕ ਵਿਸ਼ੇਸ਼ ਤਰੀਕੇ ਵਿੱਚ ਇੱਕ ਅਲਗ ਢੰਗ ਨਾਲ ਜਾਣਕਾਰੀ ਪੇਸ਼ ਕਰਦਾ ਹੈ | ਅਖਬਾਰ ਲੇਖ ਸੀਮਿਤ ਸ਼ਬਦਾਂ ਵਿੱਚ ਸਬੰਧਤ ਜਾਣਕਾਰੀ ਨੂੰ ਸੰਚਾਰ ਕਰਨ ਦਾ ਸਾਧਨ ਹੈ | ਅਖਬਾਰਾਂ ਵਿੱਚ ਲੇਖ ਲਿਖਣਾ ਇੱਕ ਕੌਸ਼ਲ ਹੈ ਜੋ ਵਿਦਿਆਰਥੀਆਂ ਦੀ ਪਤੱਰਕਾਰੀ ਦੇ ਪੇਸ਼ਾ ਅਪਣਾਉਂਣ ਵਿੱਚ ਮੱਦਦ ਕਰ ਸਕਦਾ ਹੈ | ਇਹ ਵਿਦਿਆਰਥੀਆਂ ਵਿੱਚ ਲੇਖਣ ਕੌਸ਼ਲ ਦਾ ਵਿਕਾਸ ਕਰਨ ਵਿੱਚ ਵੀ ਮਦੱਦ ਕਰਦਾ ਹੈ | ਅਖਬਾਰ ਲੇਖਣ ਜਾਣਕਾਰੀ ਸੰਚਾਰ ਦਾ ਇੱਕ ਯੋਜਨਾਬੱਧ ਅਤੇ ਸੰਖੇਪ ਢੰਗ ਹੈ |

ਸਮਾਚਾਰ ਸ਼ੈਲੀ ਜਾਂ ਸਮਾਚਾਰ ਲਿਖਾਈ ਅਖਬਾਰ, ਰੇਡੀਓ ਅਤੇ ਟੈਲੀਵਿਜ਼ਨ ਵਰਗੇ ਮੀਡੀਆ ਵਿੱਚ ਸਮਾਚਾਰ ਰਿਪੋਰਟਿੰਗ ਹਿੱਤ ਇੱਕ ਵਾਰਤਕ ਸ਼ੈਲੀ ਹੈ | ਸਮਾਚਾਰ ਸ਼ੈਲੀ ਸਿਰਫ ਸ਼ਬਦਾਵਲੀ ਅਤੇ ਵਾਕ ਦੀ ਬਣਤਰ ਉਪਜਾਉਂਣ ਦੇ ਗੁਣ ਹੀ ਸ਼ਾਮਲ ਨਹੀਂ ਕਰਦੀ ਬਲਕਿ ਉਹ ਢੰਗ ਵੀ ਜਿਸ ਵਿੱਚ ਤੁਲਨਾਤਮਕ ਮਹਤੱਵ ਦੇ ਸੰਬੰਧ ਵਿੱਚ ਬਿਰਤਾਂਤ ਜਾਣਕਾਰੀ ਪੇਸ਼ ਕਰਦਾ ਹੈ | ਸਮਾਚਾਰ ਸ਼ੈਲੀ ਲੇਖ ਭੂਤਕਾਲ ਵਿੱਚ ਲਿਖੇ ਜਾਂਦੇ ਹਨ |

2.1.2 ਅਖਬਾਰ ਲੇਖਣ – ਅਧਿਆਪਨ ਵਿੱਚ ਇੱਕ ਸਹਾਇਤਾ

ਸਮਾਚਾਰ ਲੇਖਣ ਕਿਸੇ ਵਿਸ਼ੇਸ਼ ਘਟਨਾ ਦੇ ਸਾਰੇ ਮੁਢਲੇ ਸਵਾਲਾਂ ਦੇ ਉਤੱਰ ਦੇਣ ਦੀ ਕੋਸ਼ਿਸ਼ ਕਰਦਾ ਹੈ – ਕੋਣ, ਕੀ, ਕਦੋਂ, ਕਿਥੇ ਅਤੇ ਕਿਉਂ ਅਤੇ ਅਕਸਰ ਲੇਖ ਦੇ ਸ਼ੁਰੂਆਤ ਵਿੱਚ ਕਿਵੇਂ ਦੇ ਸਵਾਲਾਂ ਦਾ ਵੀ ਉਤੱਰ ਦੇਣ ਦੀ ਕੋਸ਼ਿਸ਼ ਕਰਦਾ ਹੈ | ਅਖਬਾਰ ਆਮ ਤੌਰ ਤੇ ਵਿਆਖਿਆਤਮਕ ਲੇਖਣ ਸ਼ੈਲੀ ਅਪਣਾਉਂਦਾ ਹੈ | ਵੱਡੇ ਅਤੇ ਸਨਮਾਨਿਤ ਅਖਬਾਰਾਂ ਵਿੱਚ ਜਾਣਕਾਰੀ ਪੇਸ਼ ਕਰਨ ਹਿੱਤ ਨਿਰਪੱਖਤਾ ਅਤੇ ਸੰਤੁਲਨ ਇੱਕ ਬਹੁਤ ਵੱਡਾ ਕਾਰਕ

ਹੈ | ਸਮਾਚਾਰ ਲਿਖਾਰੀ ਇੱਕ ਪੈਰੇ ਵਿੱਚ ਇੱਕ ਸ਼ਬਦ ਨੂੰ ਇੱਕ ਤੋਂ ਜਿਆਦਾ ਬਾਰ ਇਸਤੇਮਾਲ ਕਰਨ ਤੋਂ ਗੁਰੇਜ਼ ਕਰਦੇ ਹਨ |

ਵਿਦਿਆਰਥੀ ਵਰਤਮਾਨ ਖਬਰਾਂ ਅੰਗਰੇਜੀ ਵਿੱਚ ਪੜਨਾ ਅਤੇ ਸਮਝਣਾ ਪਸੰਦ ਕਰਦੇ ਹਨ | ਅੰਗਰੇਜੀ ਭਾਸ਼ਾ ਦੇ ਵਿਦਿਆਰਥੀ ਅਖਬਾਰਾਂ, ਨਵੇਂ ਸ਼ਬਦਾਂ ਅਤੇ ਨਵੇਂ ਵਾਕਾਂਸ਼ਾਂ, ਨਵੇਂ ਵਿਚਾਰਾਂ ਆਦਿ ਰਾਹੀਂ ਨਵੀਂ ਦੁਨੀਆਂ ਦੀ ਖੋਜ ਕਰਦੇ ਹਨ | ਅੰਗਰੇਜੀ ਵਿੱਚ ਖਬਰਾਂ ਪੜਨਾ ਵਿਦਿਆਰਥੀ ਲਈ ਬਹੁਤ ਰੋਚਕ ਹੈ | ਇੱਕ ਅੰਗਰੇਜੀ ਪੜਾਉਂਣ ਵਾਲਾ ਅਧਿਆਪਕ ਵਿਦਿਆਰਥੀਆਂ ਨੂੰ ਅੰਗਰੇਜੀ ਭਾਸ਼ਾ ਵਿੱਚ ਅਖਬਾਰ ਦੀ ਵਰਤੋਂ ਨਾਲ ਜੋੜਨ ਲਈ ਬਹੁਤ ਢੰਗ ਅਪਣਾਉਂਦਾ ਹੈ | ਸਭ ਤੋਂ ਪਹਿਲਾਂ, ਵਿਦਿਆਰਥੀਅਂ ਨੂੰ ਰੋਜਾਨਾ ਅੰਗਰੇਜੀ ਅਖਬਾਰ ਦੇ ਸਾਰੇ ਭਾਗਾਂ ਤੋਂ ਜਾਣੂ ਹੋਣ ਦੀ ਹਿਦਾਇਤ ਦਿੱਤੀ ਜਾ ਸਕਦੀ ਹੈ | ਸਾਰੇ ਭਾਗਾਂ ਦਾ ਉਦੇਸ਼ ਸਭ ਨੂੰ ਸਪਸ਼ਟ ਹੋਣਾ ਚਾਹੀਦਾ ਹੈ | ਅਧਿਆਪਕ ਵਿਦਿਆਰਥੀਆਂ ਨੂੰ ਉਹਨਾਂ ਦਾ ਆਪਣਾ ਅਖਬਾਰ ਨਿਕਾਲਣ ਲਈ ਵਿਭਿੰਨ ਭੁਮਿਕਾਵਾਂ ਲੈਣ ਲਈ ਕਹਿ ਸਕਦਾ ਹੈ | ਇੱਕ ਅਖਬਾਰ ਦੇ ਵਿਭਿੰਨ ਭਾਗ ਤਿਆਰ ਕਰਨ ਹਿੱਤ ਵਿਦਿਆਰਥੀ ਦੋ ਤੋਂ ਚਾਰ ਦੇ ਸਮੂਹ ਵਿੱਚ ਕੰਮ ਕਰ ਸਕਦੇ ਹਨ | ਅਧਿਆਪਕ ਅਖਬਾਰ ਦੀ ਸਮੱਗਰੀ ਅਤੇ ਇਸ ਨੂੰ ਤਿਆਰ ਕਰਨ ਦੀ ਸੰਪੂਰਨ ਪ੍ਰਕ੍ਰਿਆ ਬਾਰੇ ਚਰਚਾ ਕਰ ਸਕਦਾ ਹੈ | ਸਿੱਖਣ ਲਈ ਅਖਬਾਰ ਦੀ ਵਰਤੋਂ ਨਾਲ ਆਲੋਚਨਾਤਮਕ ਸੋਚ ਕੁਦਰਤੀ ਉਤਪਤੀ ਹੈ | ਸਿੱਖਣ ਦੀਆਂ ਗਤੀਵਿਧੀਅਂ ਦੇ ਅਧਾਰ ਤੇ ਅਖਬਾਰ ਬੇਹਿਸਾਬ ਜਾਣਕਾਰੀ ਨਾਲ ਪਾਠਕ੍ਰਮ ਨੂੰ ਵਧਾ ਦਿੰਦਾ ਹੈ |

ਵਿਦਿਆਰਥੀਆਂ ਦੀ ਬਿਹਤਰ ਸੇਵਾ ਕਰਨ ਲਈ, ਇੱਕ ਅਧਿਆਪਕ ਨੂੰ ਵਿਦਿਆਰਥੀਆਂ ਵਿੱਚ ਕੁਸ਼ਲਤਾ ਵਿਕਸਿਤ ਕਰਨ ਅਤੇ ਇਹਨਾਂ ਦਾ ਧਿਆਨ ਵਧਾਉਂਣ ਹਿੱਤ ਭਾਂਤ ਭਾਂਤ ਦੇ ਤਰੀਕੇ ਲੱਭਣੇ ਚਾਹੀਦੇ ਹਨ | ਇੱਕ ਅਜਿਹਾ ਉਪਾਅ ਅਖਬਾਰ ਨੂੰ ਕਲਾਸਰੂਮ ਵਿੱਚ ਲੈਕੇ ਆਉਂਣਾ ਅਤੇ ਇਸ ਨੂੰ ਮਹਤੱਵਪੂਰਨ ਜਾਣਕਾਰੀ ਅਤੇ ਕੌਸ਼ਲ ਸਿਖਾਉਂਣ ਦੀ ਸਮੱਗਰੀ ਦੀ ਲੜੀ ਵਿੱਚ ਸ਼ਾਮਲ ਕਰਨਾ ਹੈ | ਅੱਜ ਦੀ ਦੁਨੀਆਂ ਨਾਲ ਜੋੜਨ ਲਈ ਅਖਬਾਰ ਵਿਦਿਆਰਥੀ ਹਿੱਤ ਇੱਕ ਤਾਕਤਵਰ ਪ੍ਰੇਰਕ ਹੋ ਸਕਦਾ ਹੈ | ਸਕੂਲ ਦੇ ਅਖਬਾਰ ਲਈ ਲੇਖ ਲਿਖਣਾ ਜਾਂ ਜੋ ਉਹਨਾਂ ਨੇ ਪੜਿਆ ਹੈ, ਉਸ ਲਈ ਇੱਕ ਵਪਾਰਕ ਅਖਬਾਰ ਦੇ ਅਡੀਟਰ ਨੂੰ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਇਕ ਪੱਤਰ ਲਿਖਣਾ , ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਜੋ ਸਕਦਾ ਹੈ |

ਵਿਭਿੰਨ ਉਮਰ, ਯੋਗਤਾਵਾਂ, ਰੁਚੀਆਂ ਦੇ ਵਿਦਿਆਰਥੀਆਂ ਲਈ ਅਖਬਾਰ ਬਹੁਤ ਕੀਮਤੀਵਾਨ ਹੈ ਜਿਵੇਂ ਡਰਾਇਵਿੰਗ ਬਾਰੇ ਨਸੀਹਤ, ਸਿਹਤ, ਫੈਸ਼ਨ, ਫਿਲਮਾਂ ਅਤੇ ਖੇਲ, ਮੌਸਮ ਦੀ ਜਾਣਕਾਰੀ, ਰਾਜਨਿਤਕ, ਕਾਰਟੂਨ ਅਤੇ ਇਥੋਂ ਤੱਕ ਕਿ ਲਫ਼ਜ ਅਤੇ ਨੰਬਰ ਬੁਝਾਰਤ | ਦੈਨਿਕ ਕਾਮਿਕਸ ਵੀ ਬੱਚਿਆਂ ਦੇ ਪਸੰਦੀਦਾ ਵਿਸ਼ੇ ਹਨ | ਕਲਾਸਰੂਮ ਸਮੱਗਰੀ ਵਿੱਚ ਅਖਬਾਰ ਲੇਖ ਨੂੰ ਸ਼ਾਮ੍ਲ ਕਰਨ ਵਿੱਚ ਮੱਦਦ ਕਰਕੇ ਅਧਿਆਪਕ ਵਿਦਿਆਰਥੀਆਂ ਨੂੰ ਅੱਗੇ ਵਧਾ ਸਕਦੇ ਹਨ |

ਅਧਿਆਪਕ ਅਖਬਾਰ ਨੂੰ ਕਲਾਸਰੂਮ ਅਧਿਆਪਨ ਤਕਨੀਕਾਂ ਵਿਚੋਂ ਇੱਕ ਦੇ ਤੌਰ ਤੇ ਇਸਤੇਮਾਲ ਕਰ ਸਕਦੇ ਹਨ | ਕੁਝ ਕਾਰਨ ਹੇਠ ਦਿੱਤੇ ਗਏ ਹਨ:

I. ਅਖਬਾਰ ਕਲਾਸਰੂਮ ਅਤੇ ਅਸਲ ਦੁਨੀਆਂ ਵਿੱਚਲਾ ਅੰਤਰ ਭਰ ਸਕਦੇ ਹਨ |

II. ਵਧੀਆ ਪੜਨ ਅਤੇ ਲਿਖਨ ਦੀਆਂ ਆਦਤਾਂ ਬਣਾਉਂਣ ਜੋ ਸਾਰੀ ਉਮਰ ਰਹਿਣਗੀਆਂ |

III. ਹਰ ਇੱਕ ਨੂੰ ਕੁਝ ਪੜਨ ਲਈ ਦੇਣ ਜਿਵੇ ਖ਼ਬਰ, ਖੇਲ, ਮੌਸਮ, ਸੰਪਾਦਗੀ ਅਤੇ ਕਾਮਿਕਸ |

IV. ਇਹ ਸਿੱਖਿਆ ਦਾ ਸਸਤਾ ਸਾਧਨ ਹੈ |

V. ਇਸ ਵਿੱਚ ਹਮੇਸ਼ਾਂ ਵਿਹਾਰਕ ਸ਼ਬਦਾਵਲੀ ਅਤੇ ਸ੍ਪਸ਼ਟ ਸੰਖੇਪ ਲੇਖਣ ਹੁੰਦਾ ਹੈ |

VI. ਸਿੱਖਿਆ ਨੂੰ ਰੋਚਕ ਬਣਾਇਆ ਜਾ ਸਕਦਾ ਹੈ |

VII. ਇਹ ਵਿਦਿਆਰਥੀਆਂ ਨੂੰ ਪੜਨ ਅਤੇ ਵਿਚਾਰ-ਵਟਾਂਦਰੇ ਲਈ ਪ੍ਰੇਰਣਾ ਦਿੰਦਾ ਹੈ |

**2.1.3** ਵਿਦਿਆਰਥੀਆਂ ਨੂੰ ਅਖਬਾਰ ਵਿੱਚ ਲੇਖ ਲਿਖਣ ਵਿੱਚ ਸ਼ਾਮਲ ਕਰਨਾ

ਇਸ ਅਧਿਆਏ ਵਿੱਚ, ਵਿਦਿਆਰਥੀ ਸਕੂਲ ਅਖਬਾਰ ਲਈ ਸਮਾਚਾਰ ਲੇਖ ਲਿਖਣਗੇ | ਅਧਿਆਏ, ਵਿਅਕਤ ਕਰਨ ਦੀ ਅਜਾਦੀ ਅਤੇ ਪਤੱਰਕਾਰੀ ਵਿੱਚ ਇਸਦੀ ਮਹਤੱਵਪੂਰਨ ਭੂਮਿਕਾ ਦੀ ਚਰਚਾ ਨਾਲ ਸ਼ੁਰੂ ਹੁੰਦਾ ਹੈ | ਇਸ ਤੋਂ ਬਾਅਦ, ਵਿਦਿਆਰਥੀ "ਅਗਵਾਈ ਪੈਰਾ" ਵਿਕਸਿਤ ਕਰਕੇ ਅਤੇ "ਉਲਟੇ ਪਿਰਾਮਿਡ" ਮਾਡਲ ਦੀ ਵਰਤੋਂ ਰਾਹੀਂ ਸਮਾਚਾਰ ਲੇਖ ਬਣਾਉਂਣਾ ਸਿਖਣਗੇ | ਇੱਕ ਬਾਰ ਇਹ ਹੋ ਜਾਂਦਾ ਹੈ, ਤਾਂ ਉਹਨਾਂ ਨੂੰ ਕਲਾਸ ਦੌਰਾਨ ਵਿਸ਼ਾ, ਖੋਜ ਕਰਨ, ਆਪਣੇ ਲੇਖ ਲਿਖਣ ਅਤੇ ਆਪਣੇ ਅਤੇ ਦੂਸਰੇ ਦੇ ਕੰਮ ਦੀ ਪੜਚੋਲ ਅਤੇ ਬਰਾਬਰ ਸੰਪਾਦਨ ਦੀ ਚੋਣ ਕਰਨ ਦਾ ਸਮਾਂ ਦਿੱਤਾ ਜਾਂਦਾ ਹੈ|

ਇਸ ਗਤੀਵਿਧੀ ਨਾਲ ਅਧਿਆਪਕ ਉਹ ਵਿਦਿਆਰਥੀਆਂ ਨੂੰ, ਜਿਹੜੇ ਅਖਬਾਰ ਲਈ ਕਹਾਣੀ ਲਿਖਦੇ ਹਨ ਅਤੇ ਜੋ ਕਲਾਸ ਦੇ ਅਖਬਾਰ ਵਿੱਚ ਚਿਪਕਾਈ ਜਾ ਸਕਦੀ ਹੈ, ਰਿਪੋਰਟਰਾਂ ਵਿੱਚ ਤਬਦੀਲ ਕਰ ਸਕਦਾ ਹੈ | ਲਿਖਾਰੀਆਂ ਬਾਰੇ ਜਾਣਨ ਤੋਂ ਬਾਅਦ ਅਤੇ ਉਹ ਕੀ ਕਰਦੇ ਹਨ, ਹਰ ਇੱਕ ਵਿਦਿਆਰਥੀ ਇੱਕ ਅਖਬਾਰ ਕਹਾਣੀ ਲਿਖੇਗਾ | ਵਿਦਿਆਰਥੀ ਪਹਿਲਾਂ ਦਿੱਤੀ ਸੂਚਨਾਂ ਵਿਚੋਂ ਇੱਕ ਕਹਾਣੀ ਦੀ ਚੋਣ ਕਰ ਸਕਦੇ ਹਨ | ਉਹ ਕਹਾਣੀ ਦਾ ਆਪਣਾ ਵਿਸ਼ਾ ਵੀ ਚੁਣ ਸਕਦੇ ਹਨ | ਵਿਦਿਆਰਥੀਆਂ ਨੂੰ ਉਹਨਾ ਦੀਆਂ ਕਹਾਣੀਆਂ ਹਿੱਤ ਇੱਕ ਸ਼ਬਦ ਸੰਖਿਆ ਸੀਮਾਂ ਅਤੇ ਸਮਾਂ ਸੀਮਾਂ ਦਿਓ | ਵਿਦਿਆਰਥੀ ਆਪਣੀ ਕਹਾਣੀ ਦਾ ਸੰਪਾਦਨ ਕਰਨਗੇ, ਸਿਰਲੇਖ ਲਿਖਣਗੇ, ਅਖਬਾਰ ਦਾ ਖਾਕਾ ਤਿਆਰ ਕਰਨਗੇ ( ਫੋਟੋਆਂ, ਚਿਤੱਰ, ਜਿਵੇਂ ਉਚਿਤ ਹੋਵੇ) ਅਤੇ ਇੱਕ ਅਖਬਾਰ ਤਿਆਰ ਕਰ ਸਕਦੇ ਹਨ |

ਇਸ ਤਰਾਂ, ਅਧਿਆਪਕ ਵਿਦਿਆਰਥੀਆਂ ਨੂੰ ਵਿਭਿੰਨ ਲੇਖਣਾ ਵਿੱਚ ਸ਼ਾਮਲ ਕਰ ਸਕਦਾ ਹੈ ਜਿਵੇਂ ਉਪਨਿਆਸ, ਲਘੂ ਕਹਾਣੀਆਂ, ਗੈਰ-ਸਾਹਿਤ, ਨਾਟਕ, ਫਿਲਮਾਂ, ਕਵਿਤਾ, ਰਸਾਲੇ, ਇਸ਼ਤਿਹਾਰ, ਜਨ ਸੰਪਰਕ ਆਦਿ |

## 2.2 ਵਿਦਿਆਰਥੀਆਂ ਨੂੰ ਰਸਾਲਾ ਲੇਖਣ ਵਿੱਚ ਸ਼ਾਮਲ ਕਰਨਾ

2.2.1 ਜਾਣ ਪਹਿਚਾਣ

ਇਹ ਰੋਚਕ ਖੇਤਰ ਰਸਾਲਾ ਪਰੰਪਰਾਂ, ਸ੍ਰਿਧਾਤਾਂ ਅਤੇ ਕਾਰਜ ਪ੍ਣਾਲੀਆਂ ਵਿੱਚ ਦਿੱਤੀ "ਪਰਸਪਰ-ਅਨੁਸ਼ਾਸਨਾਤਮਕ" ਦ੍ਰਿਸ਼ਟੀਕੋਣ ਦਾ ਇਸਤੇਮਾਲ ਕਰਦਾ ਹੈ | ਵਿਦਿਆਰਥੀ ਦੁਹਰਾਈ ਅਤੇ ਬੇਝਿਜਕ ਅਤੇ ਮਿਤੱਰਤਾ ਨਾਲ ਕਹਾਣੀਆਂ ਸੁਣਾਉਣ ਦੀ ਸਮਰੱਥਾ ਸਿੱਖਦੇ ਹਨ | ਉਹ ਸਿਖਦੇ ਹਨ ਕਿ ਬਿਰਤਾਂਤੀ ਉਪਕਰਣ ਜਿਵੇਂ ਕਿਰਦਾਰ, ਮਹਤੱਵਪੂਰਨ ਪਲਾਂ, ਵਾਰਤਾਲਾਪ, ਵੇਰੇਵੇ ਅਤੇ ਸਥਾਨ ਦੱਸਣ, ਦਾ ਇਸਤੇਮਾਲ ਕਿਵੇਂ ਕੀਤਾ ਜਾਵੇ | ਵਿਦਿਆਰਥੀ ਘਟਨਾਵਾਂ ਦੇ ਇਕ ਜਾਣਕਾਰ, ਸਪਸ਼ਟ, ਵਿਚਾਰਸ਼ੀਲ ਅਤੇ ਪ੍ਰਭਾਵੀ ਗਵਾਹ ਦੇ ਤੌਰ ਤੇ ਪਤੱਰਕਾਰ ਦੇ ਵਿਚਾਰਾਂ ਨੂੰ ਪਤਾ ਲਗਾਉਂਣਾ ਸਿੱਖਦਾ ਹੈ |

ਵਿਦਿਆਰਥੀਆਂ ਲਈ ਨਿਜੀ ਅਨੁਭਵ ਨਾਲ ਲਿਖਣਾ ਮੁਸ਼ਕਿਲ ਹੋ ਸਕਦਾ ਹੈ | ਪਰੰਤੂ ਇੱਕ ਨਿਜੀ ਲੇਖ ਉਹਨਾ ਨੂੰ ਆਪਣੇ ਵਿਚਾਰ ਸਰੋਤਿਆਂ ਅੱਗੇ ਪੇਸ਼ ਕਰਨ, ਕਿਸੇ ਵੀ ਵਰਤਮਾਨ ਵਿਦਿਅਕ ਮੁੱਦੇ ਤੇ ਧਿਆਨ ਦਿਲਾਉਂਣ ਵਿੱਚ ਮਦੱਦ ਕਰ ਸਕਦਾ ਹੈ | ਇਹ ਵਿਦਿਆਰਥੀਆਂ ਨੂੰ ਉਹਨਾ ਦੇ ਨਿਜੀ ਅਨੁਭਵਾਂ ਅਤੇ ਵਿਸ਼ਵ-ਵਿਆਪੀ ਵਿਸ਼ਿਆਂ ਵਿੱਚਕਾਰ ਸਿੱਧਾ ਸੰਬਧ ਬਣਾਉਂਣ ਦੀ ਮਹਤੱਤਾ ਤੇ ਜੋਰ ਦੇਣ ਵਿੱਚ ਮਦੱਦ ਕਰਦਾ ਹੈ | ਵਿਦਿਆਰਥੀ ਆਪਣੇ ਜੀਵਣ ਵਿਚੋਂ ਉਦਾਹਰਣਾ ਦਾ ਇਸਤੇਮਾਲ ਕਰਕੇ ਮਨੁੱਖੀ ਹਾਲਾਤਾਂ ਬਾਰੇ ਰੋਚਕ ਅਤੇ ਯੋਗ ਕਹਾਣੀਆਂ ਲਿਖ ਸਕਦੇ ਹਨ | ਲੇਖਣ ਸਚਾਈ ਹੋਣੀ ਚਾਹੀਦੀ ਹੈ | ਜੋ ਸੱਚ ਹੈ ਉਹ ਲਿਖਣਾ ਕੀਮਤੀ ਹੈ | ਇੱਕ ਬਾਰ ਉਹ ਆਪਣਾ ਲੇਖ ਲਿਖ ਲੈਂਦੇ ਹਨ ਤਾਂ ਹੁਣ ਇਹ ਨਿਜੀ ਬਿਰਤਾਂਤ ਰੂਪ ਵਿੱਚ ਪ੍ਰਕਾਸ਼ਿਤ ਕਰਨ ਲਈ ਤਿਆਰ ਹੈ | ਵਿਦਿਆਰਥੀ ਆਪਣੇ ਲਿਖੇ ਕੰਮ ਦਾ ਟੁਕੜਾ ਸਕੂਲ ਰਸਾਲੇ ਦੇ ਨਾਲ ਨਾਲ ਅਖਬਾਰ ਅਤੇ ਬਲੌਗ ਲਈ ਵੀ ਜਮ੍ਹਾਂ ਕਰਵਾ ਸਕਦੇ ਹਨ | ਸ਼ੁਰੂਆਤੀ ਸਟੇਜ ਤੇ ਵਿਦਿਆਰਥੀ ਲਘੂ ਕਹਾਣੀਆਂ ਲਿਖਣ ਤੇ ਧਿਆਨ ਕੇਂਦਰਤ ਕਰ ਸਕਦੇ ਹਨ, ਜਦਕਿ ਦੂਸਰੇ ਬਿਰਤਾਂਤ ਟੁਕੜਿਆਂ ਤੋਂ ਲੰਬੇ ਰੂਪ ਪੇਸ਼ ਕਰ ਸਕਦੇ ਹਨ | ਇਸ ਵਿੱਚ ਲੋਕ-ਪ੍ਰਿਯ ਵਿਅਕਤੀਆਂ ਅਤੇ ਪ੍ਰਸਿੱਧ ਵਿਅਕਤੀਆਂ ਨਾਲ ਵਿਸ਼ੇਸ਼ ਇੰਟਰਵਿਊ ਸ਼ਾਮਲ ਹੈ ਜੋ ਕਾਫ਼ੀ ਪੰਨਿਆਂ ਦੀ ਹੋ ਸਕਦੀ ਹੈ |

ਇਹ ਵੱਧਦੇ ਤੌਰ ਤੇ ਆਮ ਹੈ ਕਿ ਰਸਾਲਿਆਂ ਨੂੰ ਆਪਣੇ ਆਨਲਾਈਨ ਪ੍ਰਕਾਸ਼ਨ ਲਈ ਵੀ ਕਹਾਣੀਆਂ ਚਾਹੀਦੀਆਂ ਹੁੰਦੀਆਂ ਹਨ | ਇਹਨਾਂ ਵਿਚੋ ਕੁਝ ਕਹਾਣੀਆਂ ਕਦੇ ਵੀ ਪ੍ਰਿੰਟ ਨਹੀਂ ਹੁੰਦੀਆਂ ਬਲਕਿ ਉਹ ਸਿਰਫ ਰਸਾਲੇ ਦੀ ਵੈਬਸਾਈਟ ਤੇ ਹੀ ਪ੍ਰਕਾਸ਼ਿਤ ਹੁੰਦੀਆਂ ਹਨ |

2.2.2 ਰਸਾਲਾ ਲੇਖਣ ਦੀ ਪ੍ਰਕ੍ਰਿਆ

- ਸਭ ਤੋਂ ਪਹਿਲਾਂ, ਇਹ ਮਹਤੱਵਪੂਰਨ ਹੈ ਕਿ ਵਿਦਿਆਰਥੀ ਰਸਾਲਾ ਪਤੱਰਕਾਰਿਤਾ ਦੀ ਸ਼ੈਲੀ ਦੀ ਸਮਝ ਪ੍ਰਾਪਤ ਕਰਨ | ਇਹ ਇੱਕ ਦੈਨਿਕ ਅਖਬਾਰ ਵਿੱਚ ਲਿਖਣ ਤੋਂ ਅਲੱਗ ਹੈ ਅਤੇ ਆਪਣੇ ਆਪ ਨੂੰ ਇਸ ਬਾਰੇ ਜਾਣੂ ਕਰਵਾਉਂਣ ਦਾ ਸਭ ਤੋਂ ਵਧਿਆ ਢੰਗ ਇਸ ਨੂੰ ਪੜ੍ਹਨਾ ਹੈ | ਵਿਦਿਆਰਥੀ ਸੁੰਦਰਤਾ, ਫੈਸ਼ਨ ਜਾਂ ਤਕਨੀਕ ਵਰਗੇ ਪ੍ਰਸਿਧ ਵਿਸ਼ਿਆਂ ਤੇ ਧਿਆਨ ਕੇਂਦਰ ਕਰ ਸਕਦੇ ਹਨ | ਇਸ ਅਧਿਐਨ ਰਾਹੀਂ, ਉਹ ਕਹਾਣੀ ਦੀ ਲੰਬਾਈ ਅਤੇ ਰੂਪ ਰੇਖਾ ਅਤੇ ਲਿਖਾਰੀ ਕਿਵੇਂ ਪਾਠਕ ਦਾ ਧਿਆਨ ਖਿਚਣਗੇ, ਬਾਰੇ ਸਿਖਣਗੇ |
- ਸਿੱਖਲਾਰਤੀ ਲਿਖਾਰੀਆਂ ਨੂੰ ਉਹਨਾਂ ਦੇ ਕੰਮ ਦੇ ਨਮੂਨਿਆਂ ਦੀ ਅਤੇ ਇਹਨਾਂ ਤੇ ਅਭਿਆਸ ਕਰਨ ਦੀ ਲੋੜ ਹੈ | ਇਸ ਨੂੰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਲਿਖਦੇ ਜਾਓ | ਵਿਦਿਆਰਥੀਆਂ ਨੂੰ ਇਹ ਸੌਂਪੇ ਕੰਮਾ ਦੇ ਤੌਰ ਤੇ ਲੈਣਾ ਚਾਹੀਦਾ ਹੈ ਅਤੇ ਨਮੂਨਾ ਕਹਾਣੀਆਂ ਲਿਖਣ |
- ਹਰ ਇੱਕ ਸਿੱਖਲਾਰਤੀ ਲਿਖਾਰੀ ਦੀ ਆਪਣੀ ਆਪਣੀ ਸੋਚ ਹੈ ਅਤੇ ਬਹੁਤ ਸਾਰੇ ਆਪਣਾ ਪੇਸ਼ਾ ਇੱਕ ਵਿਸ਼ੇਸ਼ ਵਿਸ਼ੇ ਤੇ ਕੇਂਦਰ ਕਰਨ ਦੀ ਚੋਣ ਕਰਦੇ ਹਨ | ਇੱਕ ਖਾਸ ਵਿਸ਼ਾ ਪ੍ਰਾਪਤ ਕਰਨਾ ਜਿਸਤੇ ਉਹਨਾਂ ਨੂੰ ਲਿਖਣਾ ਪਸੰਦ ਹੈ, ਉਹਨਾਂ ਨੂੰ ਪ੍ਰੇਰਿਤ ਰੱਖਦਾ ਹੈ | ਇੱਕ ਖਾਸ ਵਿਸ਼ਾ ਬਹੁਤ ਜਿਆਦਾ ਤੰਗ ਵੀ ਨਹੀਂ ਹੋਣਾ ਚਾਹੀਦਾ | ਬਹੁਤ ਸਾਰੇ ਸਿੱਖਲਾਰਤੀ ਲਿਖਾਰੀ ਰਾਜਨੀਤੀ ਜਾਂ ਵਪਾਰ, ਭੋਜਨ ਜਾਂ ਜੀਵਣਸ਼ੈਲੀ, ਮਨੋਰੰਜਨ ਜਾਂ ਖੇਡਾਂ ਵਰਗੇ ਵਿਆਪਕ ਵਿਸ਼ਿਆਂ ਤੇਂ ਧਿਆਨ ਦੇ ਸਕਦੇ ਹਨ |

- ਰਸਾਲਾ ਦੁਨੀਆਂ ਬਹੁਤ ਮੁਕਾਬਲੇ ਵਾਲੀ ਹੈ | ਲਗਨ ਸਿੱਖਲਾਰਤੀ ਲਿਖਾਰੀਆਂ ਨੂੰ ਪ੍ਰੇਰਿਤ ਰੱਖੇਗੀ | ਰਸਾਲਾ ਸੰਪਾਦਕੀ ਪ੍ਰਕ੍ਰਿਆ ਕਦੇ ਕਦੇ ਬਹੁਤ ਹੋਲੀ ਹੁੰਦੀ ਹੈ ਅਤੇ ਲਗਨ ਤੋਂ ਬਾਅਦ ਸਹਿਨਸ਼ੀਲਤਾ ਆਉਂਦੀ ਹੈ |
- ਸਮਾਂ ਸੀਮਾਵਾਂ ਕਿਸੇ ਵੀ ਸਿੱਖਲਾਰਤੀ ਲਿਖਾਰੀ ਦੀ ਸਫਲਤਾ ਲਈ ਮਹਤੱਵਪੂਰਨ ਹਨ ਅਤੇ ਇਹ ਮਹਤੱਵਪੂਰਨ ਹੈ ਕਿ ਤੁਸੀਂ ਹਰ ਇੱਕ ਦਿੱਤੀ ਸਮਾਂ ਸੀਮਾਂ ਪੂਰੀ ਕਰੋਂ | ਹਰ ਇੱਕ ਸਮਾਂ ਸੀਮਾਂ ਨਾਲ ਪਿਆਰ ਕਰਨਾ ਸਿੱਖੋ ਅਤੇ ਇਹਨਾਂ ਨੂੰ ਆਪਣੇ ਪੇਸ਼ੇ ਹਿੱਤ ਲਾਜ਼ਮੀ ਸਮਝੋ |

2.2.3 ਵਿਦਿਆਰਥੀਆਂ ਨੂੰ ਰਸਾਲਾ ਲੇਖਣ ਵਿੱਚ ਸ਼ਾਮਲ ਕਰਨਾ

- ਵਿਦਿਆਰਥੀਆਂ ਨੂੰ ਲਿਖਾਈ ਦਾ ਤਰੁੱਟੀ ਰਹਿਤ ਮਾਡਲ ਨਮੂਨਾ ਦਿਖਾਉਂਣਾ | ਪੁਰਾਣੇ ਸਟੋਰਾਂ ਜਾਂ ਸਕੂਲ ਦੀ ਲਾਇਬਰੇਰੀ ਤੋਂ ਸਾਰੀਆਂ ਪੁਰਾਣੀਆਂ ਸ਼ੈਲੀਆਂ ਦੇ ਰਸਾਲਿਆਂ ਦੇ ਪੁਰਾਣੇ ਵਿਚਾਰ ਲਓ ਅਤੇ ਵਿਭਿੰਨ ਸ਼ੈਲੀਆਂ ਨੂੰ ਪੜ੍ਹੋ |
- ਵਿਦਿਆਰਥੀਆਂ ਨੂੰ ਜਿਨ੍ਹਾਂ ਉਹ ਕਰ ਸਕਦੇ ਹਨ ਉਸ ਤੋਂ ਚਾਰ ਗੁਣਾ ਲਿਖਣ ਲਈ ਕਹੋ |
- ਹੇਠ ਦਿੱਤਾ ਢਾਂਚਾ ਕੰਮ ਕਰਨ ਹਿੱਤ ਵਿਦਿਆਰਥੀਆਂ ਦੀ ਬੁਨਿਆਦ ਬਣਾਏਗਾ :

  ਪੜਣਾ ( ਉਹਨਾਂ ਨੇ ਕੀ ਕਿਹਾ ਸੀ?)

  ਪਰਖਣਾ (ਉਹਨਾਂ ਨੇ ਕਿਵੇਂ ਕਿਹਾ ਸੀ?)

  ਨਕਲ ਕਰਨਾ ( ਤੁਸੀਂ ਕੋਸ਼ਿਸ਼ ਕਰੋ)
- ਵਿਦਿਆਰਥੀਆਂ ਨੂੰ ਲਿਖਣ ਲਈ ਕਹਿਣ ਤੋਂ ਪਹਿਲਾਂ, ਇੱਕ ਅਧਿਆਪਕ ਨੂੰ ਉਸ ਢਾਂਚੇ ਨੂੰ ਸਮਝਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ |
- ਵਿਦਿਆਰਥੀਆਂ ਨੇ ਹੁਣ ਲੇਖਣ ਦਾ ਨਕਸ਼ਾ ਤਿਆਰ ਕਰ ਲਿਆ ਹੈ ਜਿਸ ਨੂੰ ਉਹ ਆਪਣਾ ਢਾਂਚਾ ਤਿਆਰ ਕਰਨ ਲਈ ਇਸਤੇਮਾਲ ਕਰ ਸਕਦੇ ਹਨ |
- ਪਿਛਲੇ ਕਦਮ ਦੁਆਰਾ ਤੁਸੀਂ ਆਪਣੀ ਪਸੰਦੀਦਾ ਕਿਸਮ ਦਾ ਸਕੂਲ ਪ੍ਰਕਾਸ਼ਨ( ਕਲਾ, ਫੈਸ਼ਨ, ਵਪਾਰ ਆਦਿ) ਨਿਰਧਾਰਤ ਕਰਨ ਦੇ ਯੋਗ ਹੋ ਜਾਓਗੇ |
- ਆਪਣੇ ਪਸੰਦੀਦਾ ਵਿਸ਼ੇ ਤੇ ਧਿਆਨ ਕੇਂਦਰ ਕਰਨ ਦੀ ਕੋਸ਼ੀਸ਼ ਕਰੋ, ਉਹ ਵਸਤਾ ਬਾਰੇ ਲਿਖਣਾ ਅਸਾਨ ਹੁੰਦਾ ਹੈ ਜਿਸ ਵਿੱਚ ਤੁਹਾਡੀ ਅਸਲ ਰੂਚੀ ਹੈ |
- ਵਿਦਿਆਰਥੀ ਕੁਝ ਉਦਾਹਰਣਾਂ ਤੋਂ ਜਾਣਕਾਰੀ ਇਕੱਠੀ ਕਰ ਸਕਦੇ ਹਨ ਅਤੇ ਆਨਲਾਈਨ ਤਲਾਸ਼ ਰਾਹੀ ਵੀ ਜਾਣਕਾਰੀ ਇਕੱਠੇ ਕਰ ਸਕਦੇ ਹਨ |
- ਕਿਉਂ ਜੋ ਵਿਦਿਆਰਥੀ ਬਿਲਕੁਲ ਸ਼ੁਰੂ ਤੋਂ ਅਰੰਭ ਕਰ ਰਹੇ ਹਨ, ਉਹਨਾਂ ਨੂੰ ਤਿੰਨ ਸ਼ਾਨਦਾਰ ਲੇਖ ਤਿਆਰ ਕਰਨੇ ਪੈਣਗੇ | ਇਹ ਤੁਹਾਡੀ ਸਮਰੱਥਾ ਦੇ ਹਵਾਲੇ ਦੇ ਤੌਰ ਤੇ ਕੰਮ ਕਰਣਗੇ |
- ਅੰਤ ਵਿੱਚ, ਆਪਣੇ ਲੇਖਣ ਦਾ ਟੁਕੜਾ ਸਕੂਲ ਰਸਾਲੇ ਜਾਂ ਕਿਸੇ ਉਹ ਮਸ਼ਹੂਰ ਰਸਾਲੇ ਵਿੱਚ ਪ੍ਰਕਾਸ਼ਿਤ ਕਰਨ ਹਿੱਤ ਜਮ੍ਹਾਂ ਕਰਵਾਓ |

2.2.4 ਅਖਬਾਰ ਲੇਖਣ ਅਤੇ ਰਸਾਲਾ ਲੇਖਣ ਵਿੱਚ ਅੰਤਰ

ਅਖਬਾਰ ਲੇਖਣ

- ਅਖਬਾਰ ਦੈਨਿਕ ਅਧਾਰ ਤੇ ਆਉਂਦਾ ਹੈ |
- 20 ਦਿਨ ਪਹਿਲਾਂ ਕੁਝ ਬੀਤੇ ਤੇ ਲਿਖਣ ਦਾ ਕੋਈ ਅਰਥ ਨਹੀਂ ਹੈ |
- ਅਖਬਾਰ ਮੁੱਖ ਤੌਰ ਤੇ ਰਾਜਨੀਤੀ, ਵਰਤਮਾਨ ਘਟਨਾਵਾਂ, ਵਿਤੀ ਰਿਪੋਰਟਾਂ ਅਤੇ ਵਿਸ਼ਵ ਵਿੱਚ ਵਿਭਿੰਨ ਰੁਚੀਆਂ ਤੇ ਕੇਂਦਰਤ ਹੁੰਦਾ ਹੈ |
- ਅਖਬਾਰ ਲੇਖਣ ਵੱਡਾ ਅਤੇ ਛੋਟਾ ਹੋ ਸਕਦਾ ਹੈ |
- ਅਖਬਾਰ ਆਮ ਸਰੋਤਿਆਂ ਹਿੱਤ ਲਿਖੇ ਜਾਂਦੇ ਹਨ |
- ਅਖਬਾਰ ਲਿਖਾਰੀ ਆਪਣੇ ਵਿਚਾਰ ਵਿੱਚ ਥੋੜਾ ਸਖਤ, ਮਜ਼ਬੂਤ ਅਤੇ ਸਰਲ ਦਾ ਮਿਸ਼ਰਨ ਹੁੰਦਾ ਹੈ ਕਿਉਂਕਿ ਇਹ ਤੱਥਾਂ ਅਤੇ ਅੰਕੜਿਆਂ ਤੇ ਅਧਾਰਤ ਹੁੰਦਾ ਹੈ |

ਰਸਾਲਾ ਲੇਖਣ

- ਦੂਜੇ ਪਾਸੇ ਰਸਾਲੇ ਅਖਬਾਰ ਵੇਚਣ ਵਾਲੀਆਂ ਦੁਕਾਨਾ ਤੇ ਹਰ ਹਫ਼ਤੇ/ਪੰਤਵਾੜੇ/ਮਹੀਨੇ ਬਾਅਦ ਆਉਂਦੇ ਹਨ |
- ਇਹ ਲਿਖਾਰੀ ਨੂੰ ਜਿਆਦਾ ਲੰਬੇ, ਵਿਚਾਰ ਯੁਕਤ ਟੁਕੜੇ ਲਿਖਣ ਦੀ ਠਾਠ ਦਿੰਦਾ ਹੈ | ਇਹ ਟੁਕੜੇ ਇੱਕ ਅਖਬਾਰ ਦੀ ਤਰਾਂ ਵਰਤਮਾਨ ਹੋਣੇ ਜਰੂਰੀ ਨਹੀਂ ਹਨ |
- ਰਸਾਲੇ ਖਾਸ ਵਿਸ਼ਿਆਂ ਤੇ ਧਿਆਨ ਦਿੰਦੇ ਹਨ ਜਿਵੇਂ ਖੇਡਾਂ, ਘਰੇਲੂ ਸਜਾਵਟ, ਬਾਗਬਾਨੀ ਜਾਂ ਸੰਗੀਤ |
- ਰਸਾਲਾ ਲੇਖਣ ਛੋਟਾ ਅਤੇ ਵੱਡਾ ਹੁੰਦਾ ਹੈ |
- ਰਸਾਲੇ ਖਾਸ ਕਿਸਮ ਦੇ ਸਰੋਤਿਆਂ ਹਿੱਤ ਲਿਖੇ ਜਾਂਦੇ ਹਨ |
- ਰਸਾਲਾ ਲਿਖਾਰੀ ਕੋਲ ਰਚਨਾਤਮਕ ਵਿਧੀ ਨਾਲ ਚੀਜਾਂ ਨੂੰ ਦੱਸਣ ਦੀ ਹਠ ਅਤੇ ਅਜ਼ਾਦੀ ਹੁੰਦੀ ਹੈ |

2.2.5 ਨਿਚੋੜ

"ਜੇਕਰ ਅਸੀਂ ਵਿਦਿਆਰਥੀਆਂ ਨੂੰ ਆਜੀਵਨ ਲਿਖਾਰੀ ਚਾਹੁੰਦੇ ਹਾਂ, ਤਾਂ ਵਿਦਿਆਰਥੀਆਂ ਨੂੰ ਲੇਖਣ ਨੂੰ ਆਂਤਰਿਕ ਤੌਰ ਤੇ ਮਹਤੱਵਪੂਰਨ ਦੇਖਣਾ ਚਾਹੀਦਾ ਹੈ ਨਾ ਕਿ ਸਿਰਫ਼ ਸਕੂਲ ਦੁਆਰਾ ਸੌਂਪੇ ਇੱਕ ਹੋਰ ਕੰਮ ਦੇ ਤੌਰ ਤੇ | ਵਿਦਿਆਰਥੀਆਂ ਨੂੰ ਲਿਖਨਾ ਉਚਿਤ ਅਤੇ ਸਾਰਥਕ ਲਗਣਾ ਚਾਹੀਦਾ ਹੈ |"

2.3 ਵਿਦਿਆਰਥੀਆਂ ਨੂੰ ਅਧੁਨਿਕ ਵਿਦਿਅਕ ਮੁੱਦਿਆਂ ਦੇ ਲੇਖਣ ਵਿੱਚ ਸ਼ਾਮਲ ਕਰਨਾ

2.3.1 ਜਾਣ ਪਹਿਚਾਣ

ਜਦੋਂ ਅਸੀਂ ਵਿਦਿਆਰਥੀ ਨੂੰ ਅਧੁਨਿਕ ਵਿਦਿਅਕ ਮੁੱਦਿਆਂ ਦੇ ਲੇਖਣ ਵਿੱਚ ਸ਼ਾਮਲ ਕਰਨ ਬਾਰੇ ਸੋਚਦੇ ਹਾਂ, ਤਾਂ ਅਕਸਰ ਇੱਕ ਗਤੀਵਿਧੀ ਨੂੰ ਵਿਦਿਆਰਥੀ ਦੀ ਸੋਚ ਅਨੁਸਾਰ ਸੌਖਾ ਸ਼ਾਮਲ ਹੋਣਾ ਸਮਝਿਆ ਜਾਂਦਾ ਹੈ ਭਾਵ ਗਿਆਨਾਤਮਕ ਸ਼ਮੂਲਿਅਤ (ਫ੍ਰੇਡ੍ਰੀਕਸ, 2014) | ਵਿੱਦਿਆ ਜਾਂ ਕੁਸ਼ਲਤਾ ਜਿਸ ਨੂੰ ਵਿਦਿਅਕ ਗਤੀਵਿਧੀ ਵਧਾਵਾ ਦਿੰਦੀ ਹੈ, ਨੂੰ ਸਮਝਣ ਅਤੇ ਨਿੰਪੁਨਤਾ ਲਈ ਵਿਦਿਆਰਥੀ ਜਰੂਰੀ ਮਿਹਨਤ ਤੇ ਬੌਧਿਕ ਜੋਰ ਪਾਉਂਦੇ ਹੋ ਸਕਦੇ ਹਨ |

2.3.2 ਵਿਦਿਆਰਥੀਆਂ ਨੂੰ ਇੱਕ ਵਿੱਦਿਅਕ ਮੁੱਦਾ ਲਿਖਣ ਨਾਲ ਜੋੜਨਾ

ਪੂਰੀ ਸ਼ਮੂਲੀਅਤ ਦੇ ਉਦੇਸ਼ ਨਾਲ, ਇਹ ਲਾਜ਼ਮੀ ਹੈ ਕਿ ਵਿਦਿਆਰਥੀ ਵਿੱਦਿਅਕ ਗਤੀਵਿੱਧੀਆਂ ਅਤੇ ਮੁੱਦਿਆਂ ਨੂੰ ਅਰਥਯੋਗ ਸਮਝਣ | ਇੱਕ ਅਧਿਆਪਕ ਨਿਜੀ ਢੰਗਾਂ ਨਾਲ ਸੌਂਪੀਆਂ ਗਈਆਂ ਵਤੀਵਿੱਧੀਆਂ ਦੇ ਮੁੱਲ ਨੂੰ ਉਜਾਗਰ ਕਰਦੇ ਹੋਏ ਵਿਦਿਆਰਥੀਆਂ ਨੂੰ ਉਹਨਾਂ ਦੇ ਪਿਛੱਲੀ ਜਾਣਕਾਰੀ ਅਤੇ ਅਨੁਭਵ ਨਾਲ ਜੋੜ ਸਕਦਾ ਹੈ | ਵਿਦਿਆਰਥੀ ਦੇ ਰਿਵਾਇਤੀ ਵਿੱਦਿਅਕ ਮੁੱਦੇ ਦੇ ਦ੍ਰਿਸਟੀਕੋਣ ਨੂੰ ਸ਼ਾਮਲ ਕਰਨਾ ਉਹਨਾਂ ਦੀ ਸਮਝ ਨਿਰਧਾਰਤ ਕਰਦਾ ਹੈ | ਜਦੋਂ ਵਿਦਿਆਰਥੀ ਸਿਰਫ ਚੰਗੇ ਗਰੇਡ, ਲਾਇਕ ਦਿੱਖਣ, ਆਪਣੇ ਮਾਪਿਆਂ ਨੂੰ ਖੁਸ਼ ਕਰਨ ਦੀ ਥਾਂ ਤੇ ਕੁਝ ਸਮਝਣ ਅਤੇ ਸਿੱਖਣ ਲਈ ਇੱਕ ਗਤੀਵਿੱਧੀ ਕਰਦੇ ਹਨ, ਤਾਂ ਉਹਨਾਂ ਦੀ ਸ਼ਮੂਲਿਅਤ ਪੂਰਨ ਅਤੇ ਸੰਪੂਰਨ ਹੋਣੀ ਚਾਹੀਦੀ ਹੈ | ਇੱਕ ਅਧਿਆਪਕ ਵੀ ਸਮਾਜਿਕ ਤੁਲਨਾ ਨੂੰ ਘਟਾ ਕੇ ਅਤੇ ਵਿਦਿਆਰਥੀ ਦੇ ਸੁਧਾਰ ਅਤੇ ਕੋਸ਼ਿਸ਼ ਨੂੰ ਪ੍ਰੋਤਸਾਹਣ ਦੇ ਕੇ ਵਿਦਿਆਰਥੀ ਦੀ ਪ੍ਰਗਤੀ ਤੇ ਜੋਰ ਦੇ ਸਕਦਾ ਹੈ |

ਇੱਕ ਅਧਿਆਪਕ ਵਿਦਿਆਰਥੀਆਂ ਨੂੰ ਚਰਚਾ ਰਾਹੀਂ ਜੋੜ ਸਕਦਾ ਹੈ ਕਿਉਂਕਿ ਉਹਨਾਂ ਦੇ ਅੰਦਰਲੇ ਵਿਚਾਰਾਂ ਨੂੰ ਬਾਹਰ ਨਿਕਾਲਣ ਦੀ ਚਰਚਾ ਵਿਧੀ ਸਭ ਤੋਂ ਵਧੀਆਂ ਵਿਧੀ ਹੈ | ਅਧਿਆਪਕ ਨੂੰ ਹਮੇਸ਼ਾਂ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਚਰਚਾ ਦਾ ਵਿਸ਼ਾ ਪਹਿਲਾਂ ਘੋਸ਼ਿਤ ਕੀਤਾ ਜਾਵੇ ਤਾਂ ਜੋ ਵਿਦਿਆਰਥੀ ਚੰਗੀ ਤਰਾਂ ਤਿਆਰੀ ਕਰਕੇ ਆਉਣ | ਲਾਈਬਰੇਰੀ ਸਰੋਤਾਂ ਜਾਂ ਇੰਟਰਨੈਟ ਜਾਂ ਮਾਸ ਮੀਡੀਆ ਦੀ ਵਰਤੋਂ ਕਰਕੇ ਜਾਣਕਾਰੀ ਇਕੱਠਾ ਕਰਣਾ ਵਿਦਿਆਰਥੀਆਂ ਦੀ ਜਿੰਮੇਦਾਰੀ ਹੈ| ਵਿੱਦਿਅਕ ਮੁੱਦੇ ਬਾਰੇ ਵਿਦਿਆਰਥੀਆਂ ਨੂੰ ਜਾਗਰੁਕ ਕਰਨ ਹਿੱਤ ਬਹਿਸ, ਪ੍ਰਸਿੱਧ ਵਿਅਕਤੀਆਂ ਦੁਆਰਾ ਲੈਕਚਰ, ਕਵਿਤਾ ਗਾਣ, ਮੁਕਾਬਲੇ ਆਦਿ ਵਰਗੀਆਂ ਸਹਿਯੋਗੀ ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ ਜੋ ਉਹਨਾਂ ਨੂੰ ਤੇਜੀ ਨਾਲ ਮੁੱਦੇ ਤੇ ਧਿਆਨ ਦੇਣ ਵਿੱਚ ਸਹਾਇਤਾ ਕਰਨਗੀਆਂ ਤਾਂ ਕਿ ਉਹ ਸਲਾਹ ਅਤੇ ਇਲਾਜ ਦੇ ਸਕਣ |

2.3.3 ਭਾਰਤ ਵਿੱਚ ਆਧੁਨਿਕ ਵਿੱਦਿਅਕ ਮੁੱਦੇ

ਆਧੁਨਿਕ ਭਾਰਤੀ ਵਿੱਦਿਆ ਦੇ ਮੁੱਖ ਮੁੱਦੇ ਅਤੇ ਚੁਣੋਤੀਆਂ ਹੇਠ ਦਿੱਤੀਆਂ ਹਨ:

ਪ੍ਰਮੁੱਖ ਮੁੱਦਾ ਨੋਜਵਾਨਾ ਦੀ ਅਸੰਤੁਸ਼ਤਾ ਹੈ | ਅਧਿਆਪਕ ਆਪਣੇ ਢੰਗ ਅਤੇ ਗਿਆਨ ਦੁਆਰਾ ਵਿਦਿਆਰਥੀਆਂ ਨੂੰ ਸੰਤੁਸ਼ਟ ਕਰਨ ਵਿੱਚ ਅਸਮਰਥ ਹਨ | ਉਹਨਾਂ ਦਾ ਗਿਆਨ ਅਤੇ ਵਿੱਦਿਅਕ ਪ੍ਰਣਾਲੀ ਸੰਤੁਸ਼ਟੀ ਮੁੱਹਈਆ ਨਹੀਂ ਕਰਵਾ ਰਹੀ ਹੈ ਅਤੇ ਇਸ ਕਾਰਨ ਵਿਦਿਆਰਥੀ ਅਧਿਆਪਕਾਂ ਅਤੇ ਪ੍ਰਣਾਲੀ ਖ਼ਿਲਾਫ ਖੜੇ ਹੋ ਜਾਂਦੇ ਹਨ |

ਦੂਸਰਾ ਕਾਰਨ ਸਕੂਲਾਂ ਅਤੇ ਕਾਲਜਾਂ ਵਿੱਚ ਅਨੁਸ਼ਾਸ਼ਨ ਹੈ | ਇਹ ਕਾਰਨ ਸਾਡੇ ਲੀਡਰਾਂ ਅਤੇ ਸਮਾਜਿਕ ਠੇਕੇਦਾਰਾਂ ਨੇ ਦਿੱਤਾ ਹੋਇਆ ਹੈ ਜੋ ਵਿਦਿਆਰਥੀਆਂ ਨੂੰ ਆਪਣੇ ਲਾਭ ਹਿੱਤ ਵਕਤ ਵਕਤ ਤੇ ਭੜਕਾਉਂਦੇ ਹਨ |

ਤੀਜੀ ਸਮੱਸਿਆ ਬੇਰੁਜ਼ਗਾਰੀ ਹੈ | ਸਾਡੇ ਕੁਝ ਸਿੱਖਿਆ ਦੇਣ ਵਾਲੇ ਸੋਚਦੇ ਹਨ ਕਿ ਹੁਣ ਇਹ ਸਮੱਸਿਆ ਵਿੱਦਿਅਕ ਪ੍ਰਣਾਲੀ ਦਾ ਮੁੱਦਾ ਹੈ ਪਰੰਤੂ ਜਦੋਂ ਬੈਚਲਰ ਜਾਂ ਪੋਸਟ ਗਰੇਜੁਏਟ ਡਿਗਰੀ ਲੈਣ ਤੋਂ ਬਾਅਦ ਵੀ ਇੱਕ ਨੋਜਵਾਨ ਆਪਣੇ ਭਾਈ ਜਾਂ ਭੈਣ ਨੂੰ ਬੇਰੁਜ਼ਗਾਰ ਦੇਖਦਾ ਜਾਂ ਦੇਖਦੀ ਹੈ ਤਾਂ ਇਹ ਇੱਕ ਵਿਦਰੋਹ ਨੂੰ ਜਨਮ ਦਿੰਦਾ ਹੈ |

ਗਰੀਬੀ ਅਗਲਾ ਮੁੱਦਾ ਜਾਂ ਸਮੱਸਿਆ ਹੋ ਸਕਦੀ ਹੈ ਜਿਸ ਦਾ ਸਾਡੀ ਵਿੱਦਿਅਕ ਪ੍ਰਣਾਲੀ ਸਾਹਮਣਾ ਕਰ ਰਹੀ ਹੈ | ਅੱਜਕੱਲ ਵਿੱਦਿਆ ਪ੍ਰਾਪਤ ਕਰਨਾ ਕਾਫ਼ੀ ਮਹਿੰਗਾ ਹੈ, ਇਸਲਈ ਸਾਡੇ ਸਮਾਜ ਦੇ ਗਰੀਬ ਵਿੱਦਿਆ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਅਸਮਰੱਥ ਪਾਉਂਦੇ ਹਨ |

ਰਾਜਨੀਤਿਕ ਬੇਦਿਲੀ ਵੀ ਸਾਡੀ ਵਿੱਦਿਅਕ ਪ੍ਰਣਾਲੀ ਲਈ ਇੱਕ ਬਹੁਤ ਵੱਡੀ ਚੁਣੋਤੀ ਹੈ | ਰਾਜਨੀਤਿਕ ਸੋਚਦੇ ਹਨ ਕਿ ਉਹਨਾਂ ਕੋਲ ਮੰਗਾ ਪੂਰੀ ਕਰਨ ਹਿੱਤ ਪੰਜ ਸਾਲ ਹਨ | ਵਿੱਦਿਆ ਦੇ ਮੁੱਦਿਆਂ ਨੂੰ ਕੇਵਲ ਬਕਾਇਆ ਰੱਖ ਦਿੱਤਾ ਜਾਂਦਾ ਹੈ |
ਜਾਤੀਵਾਦ ਉੱਚੀ ਜਾਤ ਅਤੇ ਨੀਚੀ ਜਾਤ ਵਿੱਚਕਾਰ ਇੱਕ ਦੀਵਾਰ ਬਣਾਉਂਦਾ ਹੈ | ਜਦੋਂ ਮੈਂ ਕਿਸੇ ਹੋਰ ਕਾਲਜ ਵਿੱਚ ਸੀ ਉਥੇ ਮੈ ਇੱਕ ਅਧਿਆਪਕ ਨੂੰ ਫੀਸ ਲੈਂਦੇ ਦੇਖਿਆ (ਤੁਸੀਂ ਕਹੋਗੇ ਇਸ ਵਿੱਚ ਕੀ ਹੈਰਾਨੀਜਨਕ ਹੈ ਕਿਉਂਕਿ ਸਾਰੇ ਸਕੂਲ਼ ਵਿਦਿਆਰਥੀਆਂ ਤੋਂ ਫੀਸ ਲੈਂਦੇ ਹਨ) | ਪਰੰਤੂ ਜਦੋਂ ਵਿਦਿਆਰਥੀ ਫੀਸ ਦੇਣ ਆਇਆ ਤਾਂ ਅਧਿਆਪਕ ਨੇ ਉਸ ਨੂੰ ਫੀਸ ਮੇਜ਼ ਤੇ ਰੱਖਣ ਲਈ ਕਿਹਾ | ਉਸ ਲੜਕੇ ਨੇ ਰਕਮ ਮੇਜ਼ ਤੇ ਰੱਖ ਦਿੱਤੀ ਅਤੇ ਚਲਾ ਗਿਆ | ਜਦੋਂ ਮੈਂ ਅਧਿਆਪਕ ਤੋਂ ਇਸ ਬਾਰੇ ਪੁੱਛਿਆ ਤਾਂ ਅਧਿਆਪਕ ਨੇ ਜਵਾਬ ਦਿੱਤਾ ਕਿ ਮੈਂ ਕਿਸੇ ਹੋਰ ਕੰਮ ਵਿੱਚ ਵਿਅਸਤ ਸੀ ਇਸ ਲਈ ਮੈਂ ਉਸ ਤੋਂ ਹੱਥ ਵਿੱਚ ਫੀਸ ਨਹੀਂ ਲੈ ਸਕਿਆ | ਪਰੰਤੂ ਅਸਲੀਅਤ ਕੁਝ ਹੋਰ ਸੀ, ਉਹ ਲੜਕਾ ਐਸ ਸੀ ਵਰਗ ਨਾਲ ਸਬੰਧ ਰੱਖਦਾ ਸੀ ਅਤੇ ਉਹ ਅਧਿਆਪਕ ਲਈ ਅਛੂਤ ਸੀ । ਇਹ ਸਾਡੇ ਸਕੂਲਾਂ ਅਤੇ ਕਾਲਜਾਂ ਵਿੱਚ ਵਾਪਰਦਾ ਹੈ |
ਮਹਿੰਗਾਈ ਵਿੱਦਿਅਕ ਪ੍ਰਣਾਲੀ ਵਿੱਚ ਇੱਕ ਹੋਰ ਚੁਣੋਤੀ ਹੈ | ਸਕੂਲਾਂ ਅਤੇ ਕਾਲਜਾਂ ਦੀ ਫੀਸ ਹਰ ਰੋਜ਼ ਵੱਧ ਰਹੀ ਹੈ | ਪਬਲਿਕ ਸਕੂਲ ਹਰ ਸ਼ੈਸ਼ਨ ਵਿੱਚ ਫੀਸ ਵਧਾ ਰਹੇ ਹਨ ਪਰੰਤੂ ਮਜ਼ਦੂਰ ਦੀ ਮਜ਼ਦੂਰੀ ਇਸ ਗਤੀ ਨਾਲ ਨਹੀਂ ਵੱਧ ਰਹੀ ਹੈ| ਇਸ ਲਈ ਗਰੀਬ ਲੋਕ ਆਪਣੇ ਬੱਚਿਆਂ ਨੂੰ ਅਜਿਹੇ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਆਪਣੇ ਆਪ ਨੂੰ ਅਸਮਰਥ ਪਾਉਂਦੇ ਹਨ | ਅਤੇ ਸਰਕਾਰੀ ਸਕੂਲ, ਪਬਲਿਕ ਸਕੂਲਾਂ ਜਾਂ ਸੀਬੀਐਸਈ ਸਕੁਲਾਂ ਦਾ ਮੁਕਾਬਲਾ ਨਹੀਂ ਕਰਦੇ |
ਅਗਲੀ ਚੁਣੋਤੀ ਭ੍ਰਿਸਟਾਚਾਰ ਹੈ ਜੋ ਕਿ ਸਾਰੇ ਸਰਕਾਰੀ ਅਫਸਰਾਂ ਅਤੇ ਸਮੂਚੀ ਪ੍ਰਣਾਲੀ ਦਾ ਹੱਕ ਬਣ ਗਿਆ ਹੈ | ਬਹੁਤ ਸਕੂਲਾਂ ਵਿੱਚ ਇਹ ਪਾਇਆ ਗਿਆ ਹੈ ਕਿ ਫੰਡ ਜਿਹੜਾ ਸਕੂਲ ਹਿੱਤ ਭੇਜਿਆ ਗਿਆ ਸੀ, ਰਸਤੇ ਵਿੱਚ ਹੀ ਅਲੋਪ ਹੋ ਗਿਆ| ਕਾਰਨ ਦੱਸਣ ਲਈ ਇੱਕ ਕਹਾਣੀ ਹੀ ਕਾਫ਼ੀ ਹੈ |
ਵਿੱਦਿਆ ਦਾ ਨਿਜੀਕਰਨ ਇੱਕ ਬਹੁਤ ਵੱਡਾ ਮੁੱਦਾ ਹੈ | ਕੁਝ ਗਿਆਨੀ ਵਿਅਕਤੀ ਕਹਿੰਦੇ ਹਨ ਕਿ ਸਰਕਾਰੀ ਕਰਮਚਾਰੀ ਬਹੁਤ ਜਿਆਦਾ ਤਨਖਾਹ ਲੈਂਦੇ ਹਨ ਪਰੰਤੂ ਉਸ ਮੁਤਾਬਕ ਕੰਮ ਨਹੀਂ ਕਰਦੇ | ਪਰੰਤੂ ਨਿਜੀ ਸੰਸਥਾਵਾਂ ਵਿੱਚ ਅਧਿਆਪਕਾਂ ਦੀ ਸਥਿਤੀ ਬਹੁਤ ਨਾਜ਼ੁਕ ਹੈ ਜੋ ਵਿੱਦਿਆ ਪ੍ਰਣਾਲੀ ਹਿੱਤ ਚੰਗੀ ਨਹੀਂ ਹੈ |

ਅਧਿਆਪਨ ਦੇ ਢੰਗਾਂ ਅਤੇ ਤਕਨੀਕਾਂ ਬਾਰੇ ਅਧਿਆਪਕਾਂ ਦੇ ਅਨਜਾਣਪਣ ਦਾ ਮੁੱਦਾ | ਇਥੋਂ ਤੱਕ ਕਿ ਉਹ ਇਸ ਵਿੱਚ ਰੂਚੀ ਨਹੀਂ ਰੱਖਦੇ | ਅਧਿਆਪਨ ਇੱਕ ਪੇਸ਼ਾ ਹੈ ਜਿਸ ਵਿੱਚ ਇੱਕ ਅਧਿਆਪਕ ਨੂੰ ਹਰ ਰੋਜ ਆਪਣੇ ਗਿਆਨ ਨੂੰ ਚਮਕਾਨਾ ਪੈਂਦਾ ਹੈ | ਕਿਉਂ ਜੋ ਇਹ ਇੱਕ ਪੇਸ਼ਾ ਹੈ ਇਸ ਲਈ ਢੰਗਾ ਅਤੇ ਤਕਨੀਕਾਂ ਦਾ ਨਵੀਣੀਕਰਨ ਜਰੂਰੀ ਹੈ | ਮੈਂ ਸੋਚਦੀ ਹਾਂ ਕਿ ਇਹ ਪੇਸ਼ੇ ਦੀ ਮੰਗ ਹੈ ਪਰੰਤੂ ਸਾਡੇ ਅਧਿਆਪਕ ਇਹਨੇ ਜਿਆਦਾ ਕਠੋਰ ਹਨ ਕਿ ਉਹ ਆਪਣੇ ਆਪ ਨੂੰ ਬਦਲਣਾ ਨਹੀਂ ਚਾਹੁੰਦੇ |

ਅਧਿਆਪਕਾਂ ਦੇ ਆਚਰਣ ਦਾ ਮੁੱਦਾ ਸਾਡੇ ਅਧਿਆਪਕਾਂ ਦਾ ਆਚਰਣ ਗਿਰਦਾ ਜਾ ਰਿਹਾ ਹੈ | ਇੱਕ ਅਧਿਆਪਕ ਹੀ ਸਿਰਫ ਅਜਿਹਾ ਵਿਅਕਤੀ ਹੈ ਜੋ ਸਮਾਜ ਦੀ ਦਿਸ਼ਾ ਬਦਲ ਸਕਦਾ ਹੈ | ਉਹ ਵਿੱਦਿਅਕ ਪ੍ਰਣਾਲੀ ਦਾ ਕੇਂਦਰ ਬਿੰਦੂ ਵਿਅਕਤੀ ਹੈ | ਇਹ ਕਿਸੇ ਹੋਰ ਨਾਲੋਂ ਸਾਡੇ ਸਮਾਜ ਨੂੰ ਸਭ ਤੋਂ ਜਿਆਦਾ ਪ੍ਰਭਾਵਿਤ ਕਰਦਾ ਹੈ | ਇਹ ਸਾਦੀ ਵਿੱਦਿਆ ਨੂੰ ਉਪੱਰ ਦੱਸੇ ਕਾਰਨਾ ਤੋਂ ਸਭ ਤੋਂ ਜਿਆਦਾ ਪ੍ਰਭਾਵਿਤ ਕਰਦੀ ਹੈ | ਪਰੰਤੂ ਅੱਜ ਕੱਲ ਅਖਬਾਰਾਂ ਵਿੱਚ ਅਲੱਗ ਹੈ ਖਬਰਾਂ ਪੜੀਆਂ ਜਾ ਰਹੀਆਂ ਹਨ ਕਿ ਇੱਕ ਅਧਿਆਪਕ ਨੇ ਆਪਣੇ ਵਿਦਿਆਰਥੀ ਨੂੰ ਅਗਵਾ ਕਰ ਲਿਆ ਜਾਂ ਇੱਕ ਅਧਿਆਪਕ ਨੇ

ਆਪਣੇ ਵਿਦਿਆਰਥੀ ਦਾ ਬਲਾਤਕਾਰ ਕਰ ਦਿੱਤਾ | ਇਸ ਕਾਰਨ ਬਹੁਤ ਸਾਰੇ ਵਿਦਿਆਰਥੀ ਮੱਧ ਵਿੱਚ ਹੀ ਸਕੂਲ ਛੱਡ ਜਾਂਦੇ ਹਨ |

2.3.4 ਇੱਕ ਵਿੱਦਿਅਕ ਮੁੱਦੇ ਦੀ ਉਦਾਹਰਣ

ਅਧਿਆਪਕ ਸਿਖਲਾਈ ਵਿੱਚ ਈ-ਅਧਿਐਨ ਦੇ ਲਾਗੂਕਰਣ ਵਿੱਚ ਅੜਚਨਾ

ਜਾਣ ਪਹਿਚਾਣ

ਸਾਡੇ ਸਮਾਜ ਵਿੱਚ ਅਧਿਆਪਨ ਸਭ ਤੋਂ ਜਿਆਦਾ ਚੁਣੋਤੀ ਪੇਸ਼ਾ ਬਣ ਰਿਹਾ ਹੈ ਜਿਥੇ ਗਿਆਨ ਬਹੁਤ ਤੇਜੀ ਨਾਲ ਵੱਧ ਰਿਹਾ ਹੈ ਅਤੇ ਆਧੁਨਿਕ ਤਕਨੀਕਾਂ ਅਧਿਆਪਕਾਂ ਤੋਂ ਮੰਗ ਕਰ ਰਹੀਆਂ ਹਨ ਕਿ ਆਪਣੇ ਅਧਿਆਪਨ ਵਿੱਚ ਇਹ ਤਕਨੀਕਾਂ ਨੂੰ ਕਿਵੇਂ ਸਿੱਖਿਆ ਜਾਵੇ | ਰਿਵਾਇਤੀ ਸਿੱਖਿਅਕ-ਕੇਂਦਰਿਤ ਸਿਖਲਾਈ ਵਿਦਿਆਰਥੀ –ਕੇਂਦਰਿਤ ਮਾਡਲ ਵਿੱਚ ਉਪਜਦਾ ਜਾ ਰਿਹਾ ਜੈ ਜੋ ਵਿਦਿਆਰਥੀ ਨੂੰ ਉਹਨਾਂ ਦੀ ਆਪਣੀ ਸਿੱਖਲਾਈ ਦਾ ਕੰਟਰੋਲ ਦਿੰਦਾ ਹੈ | ਇਸ ਨੇ ਭਵਿੱਖ ਦੇ ਅਧਿਆਪਕ-ਸਿੱਖਿਅਕਾਂ ਨੂੰ ਸਿੱਖਲਾਈ ਦੇਣ ਵਾਲੇ ਉਹਨਾਂ ਦੇ ਪੂਰਵਜਾਂ ਦੇ ਮੁਕਾਬਲੇ ਅੱਜ ਦੇ ਅਧਿਆਪਕ-ਸਿੱਖਿਅਕਾਂ ਨੂੰ ਅਲੱਗ ਕਿਸਮ ਦੀ ਚੁਣੋਤੀ ਦਾ ਸਾਹਮਣਾ ਕਰਨ ਲਈ ਧੱਕ ਦਿੱਤਾ ਹੈ | ਈ-ਸਿੱਖਲਾਈ ਤੋਣ ਭਾਵ ਹੈ ਸਮਾਧਾਨਾਂ ਦੀ ਇੱਕ ਵੱਡੀ ਲੜੀ ਦੇਣ ਲਈ ਇੰਟਰਨੈਟ ਤਕਨੀਕ ਦੀ ਵਰਤੋਂ ਜਿ ਗਿਆਨ ਅਤੇ ਕਾਰਜੁਜ਼ਾਰੀ ਨੂੰ ਵਧਾਉਂਦੀ ਹੈ (ਰੋਜਨਬਰਗ,2001) | ਵਿੱਦਿਅਕ ਦਖਲਾਂ ਦੇ ਰੂਪ ਵਿੱਚ ਅਧਿਆਪਨ ਅਤੇ ਸਿੱਖਲਾਈ ਦੌਰਾਨ ਸਮਾਜਿਕ, ਵਿਗਿਆਨਕ ਅਤੇ ਸਿੱਖਿਆ ਵਿਗਿਆਨ ਸਬੰਧੀ ਆਈਆਂ ਚੋਣੋਤੀਆਂ ਨੂੰ ਕੁਸ਼ਲਤਾ ਅਤੇ ਪ੍ਰਭਾਵੀ ਤਰੀਕੇ ਨਾਲ ਸੁਧਾਰਨ ਲਈ ਅਧਿਆਪਕ-ਸਿੱਖਿਅਕਾਂ ਦੁਆਰਾਂ ਈ-ਸਿੱਖਲਾਈ ਦੀ ਵਰਤੋ ਕੀਤੀ ਜਾ ਸਕਦੀ ਹੈ | ਅਧਿਆਪਕ-ਸਿੱਖਿਅਕਾਂ ਵਿੱਚਕਾਰ ਈ-ਸਿੱਖਲਾਈ ਦੀਆਂ ਅੜਚਨਾ ਦੀ ਸਮੀਖਿਆ ਕਰਨ ਦੀ ਇਹ ਇੱਕ ਕੋਸ਼ੀਸ਼ ਹੈ | ਇਹ ਦੋ ਮਹਤੱਵਪੂਰਨ ਉਦੇਸ਼ਾਂ ਨੂੰ ਸ਼ਾਮਲ ਕਰਦੀ ਹੈ: (1) ਅਧਿਆਪਨ-ਸਿੱਖਲਾਈ ਪ੍ਰਕ੍ਰਿਆ ਦੇ ਅਟੁੱਟ ਹਿੱਸੇ ਵਜੋਂ ਈ-ਸਿੱਖਲਾਈ ਨੂੰ ਅਪਨਾਏ ਜਾਣ ਨੂੰ ਰੋਕਨ ਜਾਂ ਪ੍ਰਭਾਵਿਤ ਕਰਨ ਵਾਲੀਆਂ ਅੜਚਨਾ ਪਤਾ ਕਰਨਾ (2) ਇਸ ਦੇ ਲਾਗੂਕਰਨ ਹਿੱਤ ਨੀਤੀਆਂ ਖੋਜਣਾ

ਪਾਠਕ੍ਰਮ, ਅਧਿਆਪਨ ਢੰਗ , ਸਿੱਖਲਾਈ ਨਤੀਜੇ ਵਧਾਉਣ, ਨਵੇਂ ਕਿਸਮ ਦੇ ਵਿਦਿਆਰਥੀ, ਯੋਗਤਾ ਢਾਂਚੇ, ਗੁਣਵੱਤਾ ਭਰੋਸੇਯੋਗਤਾ, ਖੋਜ ਅਤੇ ਕਾਢ ਦੇ ਸਬੰਧ ਵਿੱਚ ਈ-ਸਿੱਖਲਾਈ ਅਪਣਾਉਣ ਦਾ ਦਵਾਬ ਆਧੁਨਿਕ ਵਿੱਦਿਆ ਵਿੱਚ ਸੁਧਾਰ ਕਰਨਾ ਹੋਣਾ ਚਾਹੀਦਾ ਹੈ |

ਈ-ਸਿੱਖਲਾਈ ਤੋਂ ਭਾਵ ਹੈ ਵਿੱਦਿਆ ਵਿੱਚ ਇਲੈਕਟ੍ਰਾਨਿਕ ਸਾਧਨ ਅਤੇ ਸੂਚਨਾ ਅਤੇ ਸੰਚਾਰ ਤਕਨੀਕ (ਆਈਸੀਟੀ) ਦੀ ਵਰਤੋ ਕਰਨਾ | ਈ-ਸਿੱਖਲਾਈ ਵਿੱਚ ਸਿੱਖਲਾਈ ਅਤੇ ਅਧਿਆਪਨ ਵਿੱਚ ਵਿੱਦਿਅਕ ਤਕਨੀਕ ਦੇ ਸਾਰੇ ਰੂਪ ਸ਼ਾਮਲ ਹਨ | ਈ-ਸਿੱਖਲਾਈ ਵਿੱਚ ਮਲਟੀਮੀਡੀਆ ਸਿੱਖਲਾਈ, ਤਕਨੀਕ-ਸੁਧਾਰ ਸਿੱਖਲਾਈ ( ਟੀ ਈ ਐਲ), ਕੰਪਿਉਟਰ-ਅਧਾਰਤ ਨਿਰਦੇਸ਼ (ਸੀ ਬੀ ਆਈ), ਕੰਪਿਉਟਰ-ਅਧਾਰਤ ਸਿੱਖਲਾਈ (ਸੀ ਬੀ ਟੀ), ਕੰਪਿਉਟਰ-ਸਹਾਇਤਾ ਪ੍ਰਾਪਤ ਨਿਰਦੇਸ਼(ਸੀ ਏਆਈਆਰ ਆਈ), ਇੰਟਰਨੈਟ - ਅਧਾਰਤ ਸਿੱਖਲਾਈ ( ਆਈ ਬੀ ਟੀ) , ਵੈਬ - ਅਧਾਰਤ ਸਿੱਖਲਾਈ ( ਡਬਲਿਉ ਬੀ ਟੀ), ਆਨਲਾਈਨ ਵਿੱਦਿਆ, ਵਰਚੁਅਲ ਵਿੱਦਿਆ, ਵਰਚੁਅਲ ਸਿੱਖਲਾਈ ਵਾਤਾਵਰਣ ( ਵੀ ਐਲ ਈ), ਐਮ-ਸਿੱਖੱਲਾਈ ਅਤੇ ਡਿਜੀਟਲ ਵਿੱਦਿਆ ਸਹਿਗੋਗ ਸ਼ਾਮਲ ਹੈ ਅਤੇ ਇਹ ਸਾਰੇ ਈ-ਸਿੱਖਲਾਈ ਸੇ ਸਮਾਨ-ਅਰਥਕ ਹਨ | ਇਹ ਵਿਕਲਪ ਨਾਂਮ ਇੱਕ ਖਾਸ ਪਹਿਲੁ, ਹਿੱਸੇ ਜਾਂ ਪ੍ਰਦਾਨ ਕਰਨ ਦੀ ਵਿਧੀ ਤੇ ਜੋਰ ਪਾਉਂਦੇ ਹਨ |

ਇਹ ਪੂਰੇ ਦੇਸ਼ ਵਿੱਚ ਸਾਖਰਤਾ, ਕੰਪਿਊਟਰ ਸਹਾਇਤਾ ਪ੍ਰਾਪਤ ਅਤੇ ਅੰਤ ਵਿੱਚ ਕੰਪਿਊਟਰ ਅਧਾਰਤ ਸਿੱਖਲਾਈ ਦਾ ਅਟੁੱਟ ਅੰਗ ਹੋਣਾ ਚਾਹੀਦਾ ਹੈ | ਅਧਿਐਨ-ਸਿੱਖਲਾਈ ਪ੍ਰਕ੍ਰਿਆ ਨੂੰ ਪ੍ਰਭਾਵਸ਼ੀਲ ਬਣਾਉਂਣ ਲਈ ਅਧਿਆਪਕ- ਸਿੱਖਿਅਕਾਂ ਨੂੰ ਈ-ਸਿੱਖਲਾਈ ਦੇ ਭਵਿਖ ਨੂੰ ਪਹਿਚਾਣਨ ਲਈ ਪ੍ਰੇਰਿਤ ਕਰਨ ਦੀ ਲੋੜ ਹੈ |

ਰਿਵਾਇਤੀ ਯੂਨੀਵਰਸਿਟੀਆਂ ਵਿੱਚ ਈ-ਸਿੱਖਿਆ ਲਾਗੂ ਹੋਣ ਦੀਆਂ ਰਿਪੋਰਟਾਂ ਕੈਂਪਸ ਵਿਦਿਆਰਥੀਆਂ ਦੀ ਸਿੱਖਣ ਦੀ ਗੁਣਵਤਾ ਦੇ ਸੁਧਾਰ ਵਿੱਚ ਈ-ਸਿੱਖਿਆ ਦੇ ਬਹੁਤ ਜਿਆਦਾ ਇਸਤੇਮਾਲ ਵੱਲ ਇਸ਼ਾਰਾ ਕਰਦੀਆਂ ਹਨ ਪਰੰਤੂ ਇਸ ਨਾਲ ਕਰਮਚਾਰੀਆਂ ਅਤੇ ਜੋ ਕੈਂਪਸ ਨਹੀਂ ਜਾ ਸਕਦੇ ਵਰਗਿਆਂ ਦੇ ਆਜੀਵਣ ਸਿੱਖਣ ਲਈ ਮੌਕਿਆਂ ਵਿੱਚ ਜਿਆਦਾ ਵਾਧਾ ਨਹੀਂ ਹੋਇਆ ਹੈ | ਯੂਨੀਵਰਸਿਟੀ ਦੇ ਭਵਿੱਖ ਦਾ ਇੱਕ ਦ੍ਰਿਸ਼ਟੀਕੋਣ ਇਹ ਹੈ ਕਿ "ਵਰਚੁਅਲਾਈਜੇਸ਼ਨ ਤੇ ਰਿਮੋਟ ਵਰਕਿੰਗ" ਤਕਨੀਕਾਂ ਸਾਨੂੰ ਵਿਸ਼ਵ ਦੀ ਕਿਸੇ ਵੀ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕਰਨ ਹਿੱਤ ਸਮਰੱਥ ਬਨਾਉਂਣਗੀਆਂ | ਫੇਰ ਵੀ, ਇਹ ਪੇਪਰ ਦੱਸੇਗਾ ਕਿ ਸਿੱਖਿਆ ਦੀ ਅਜੀਵਨ ਪਹੁੰਚ ਨੂੰ ਮੁਮਕਿਨ ਕਰਨ ਲਈ ਇੱਕ ਪੱਕੀ ਈ-ਸਿੱਖਿਆ ਰਣਨੀਤੀ ਜਿਸ ਦਾ ਕਿ ਰਿਵਾਇਤੀ ਯੂਨੀਵਰਸਿਟੀਆਂ ਦੀਆਂ ਸਿੱਖਿਆਵਾਂ ਵਿੱਚ "ਸੋਧਤ" ਦੀ ਥਾਂ " ਬਦਲਾਅ" ਦਾ ਉਦੇਸ਼ ਰੱਖਣ ਦੀ ਲੋੜ ਹੈ | ਐਂਡਰਸਨ ਅਤੇ ਹੋਰਾਂ (2006) ਦੀ ਰਾਸ਼ਟਰੀ ਈ-ਸਿੱਖਿਆ ਦੀਆਂ ਰਣਨੀਤੀਆਂ ਦੀ ਸਮੀਖਿਆ ਮੁਤਾਬਕ, ਈ-ਸਿੱਖਿਆ ਅਪਣਾਉਣ ਲਈ ਦੋ ਜਰੂਰੀ ਤੱਤ ਹਨ (ਕ) ਗਿਆਨ ਅਤੇ ਸਮਾਜ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਜਨਸੰਖਿਆ ਦੇ ਕੌਸ਼ਲ ਵਿੱਚ ਵਾਧੇ ਦੀ ਲੋੜ ਅਤੇ (ਖ) ਸਮਾਜ ਦੇ ਬਦਲਦੇ ਸੁਭਾਅ ਅਤੇ ਆਜੀਵਨ ਸਿੱਖਿਆ ਮੁੱਦੇ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਖੇਤਰੀ ਸਿੱਖਿਆ ਵਿੱਚ ਪਹੁੰਚ ਅਤੇ ਲਚਕੀਲੇਪਣ ਦੀ ਲੋੜ |

ਈ-ਸਿੱਖਲਾਈ ਦੀ ਭੂਮਿਕਾ

ਈ-ਸਿੱਖਲਾਈ ਕਲਾਸਰੂਮ ਦੇ ਅੰਦਰ ਜਾਂ ਬਾਹਰ ਹੋ ਸਕਦੀ ਹੈ | ਇਹ ਸਵੈ-ਅਧਿਐਨ, ਅਸਮਕਾਲੀ ਸਿੱਖਲਾਈ ਜਾਂ ਸਿੱਖਿਅਕ ਦੁਆਰਾ, ਸਮਕਾਲੀ ਸਿੱਖਲਾਈ ਹੋ ਸਕਦੀ ਹੈ | ਈ-ਸਿੱਖਲਾਈ ਡਿਸਟੈਂਸ ਸਿੱਖਲਾਈ ਅਤੇ ਲਚਕੀਲੀ ਸਿੱਖਲਾਈ ਲਈ ਅਨੁਕੂਲ ਹੈ, ਪਰੰਤੂ ਇਹ ਆਹਮਣੇ ਸਾਹਮਣੇ ਸਿੱਖਲਾਈ ਦੇ ਸੰਗਮ ਨਾਲ ਵੀ ਵਰਤੀ ਜਾ ਸਕਦੀ ਹੈ ਜਿਸ ਵਿੱਚ ਸ਼ਬਦ ਮਿਸ਼ਰਤ ਸਿੱਖਲਾਈ ਆਮ ਤੌਰ ਤੇ ਵਰਤਿਆ ਜਾਂਦਾ ਹੈ | ਈ-ਸਿੱਖਲਾਈ ਇੱਕ ਵਿੱਦਿਅਕ ਸੋਚ ਜਾਂ ਤਕਨੀਕ ਹੈ ਜੋ ਰਵਾਇਤੀ ਵਿਸ਼ਿਆਂ ਦੀ ਸਹਾਇਤਾ ਕਰਦੀ ਹੈ | ਇਸ ਤੋਂ ਇਲਾਵਾ:

- ਸਮੁੱਚੇ ਡਿਗਰੀ ਪ੍ਰੋਗ੍ਰਾਮਾਂ ਸਮੇਤ ਵਿੱਦਿਆ ਤੱਕ ਸੁਧਰੀ ਖੁੱਲੀ ਪਹੁੰਚ
- ਗੈਰ-ਫੁੱਲ-ਟਾਈਮ ਵਿਦਿਆਰਥੀਆਂ ਹਿੱਤ ਵੱਧਿਆ ਏਕੀਕਰਨ ਖਾਸ ਤੋਰ ਤੇ ਜਾਰੀ ਵਿੱਦਿਆ ਵਿੱਚ
- ਵਿਦਿਆਰਥੀਆਂ-ਸਿੱਖਿਅਕਾਂ ਵਿੱਚਕਾਰ ਉਨੱਤ ਗੱਲਬਾਤ
- ਵਿਦਿਆਰਥੀਆਂ ਨੂੰ ਸੁਤੰਤਰ ਤੌਰ ਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਪਰੱਥ ਬਣਾਉਂਣ ਹਿੱਤ ਤਕਨੀਕ ਦਾ ਪ੍ਰਬੰਧ
- ਤਕਨੀਕਾਂ ਅਤੇ ਕੰਪਿਊਟਰਾਂ ਰਾਹੀਂ ਤਕਨੀਕੀ ਕੌਸ਼ਲ ਦੀ ਪ੍ਰਾਪਤੀ
- ਕਠਿਨਾਈ ਪੱਧਰ ਤੇ ਕੋਈ ਉਮਰ-ਅਧਾਰਤ ਪਾਬੰਦੀ ਨਹੀਂ ਭਾਵ ਵਿਦਿਆਰਥੀ ਆਪਣੀ ਗਤੀ ਤੇ ਚੱਲ ਸਕਦੇ ਹਨ |

ਈ-ਸਿੱਖਲਾਈ ਵਿੱਚ ਅੜਚਨਾ ਜੋ ਸਿੱਖਲਾਈ ਨੂੰ ਰਿਵਾਇਤੀ ਕਲਾਸਰੂਮ ਘੱਟ ਪ੍ਰਭਾਵਸ਼ੀਲ ਬਣਾਉਂਦੀਆਂ ਹਨ, ਉਹਨਾਂ ਵਿੱਚ ਹੇਠ ਦਰਜ ਸ਼ਾਮਲ ਹਨ:

- ਈ-ਸਿੱਖਲਾਈ ਕਲਾਸ ਵਿੱਚ ਵਿਦਿਆਰਥੀਆਂ ਨੂੰ ਰੁੱਝਾ ਕੇ ਰੱਖਣ ਲਈ ਬਹੁਤ ਅਧਿਆਪਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ |
- ਆਹਮਣੇ ਸਾਹਮਣੇ ਸੰਪਰਕ ਦੀ ਘਾਟ ਕਾਰਨ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਸੰਕੇਤ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਜਿਸ ਵਿੱਚ ਉਲਝਣ, ਬੋਰੀਅਤ ਜਾਂ ਨਿਰਾਸ਼ਾ ਵੀ ਸ਼ਾਮਲ ਹਨ | ਇਹ ਸੰਕੇਤ ਇੱਕ ਅਧਿਆਪਕ ਨੂੰ ਫੈਸਲਾ ਲੈਣ ਵਿੱਚ ਮੱਦਦ ਕਰਦੇ ਹਨ ਕਿ ਕੀ ਤੇਜ ਚੱਲਿਆ ਜਾਵੇ, ਨਵੀਂ ਸਮੱਗਰੀ ਸ਼ਾਮਲ ਕੀਤੀ ਜਾਵੇ ਜਾਂ ਵਿਚਾਰ ਦੀ ਇੱਕ ਨਵੇਂ ਢੰਗ ਨਾਲ ਵਿਆਖਿਆ ਕੀਤੀ ਜਾਵੇ |
- ਵਿਦਿਆਰਥੀ ਨੂੰ ਈ-ਸਿੱਖਲਾਈ ਸਪਲਾਇਰ ਦੁਆਰਾ ਦੱਸੇ ਘੱਟੋ ਘੱਟ ਵੇਰਵਿਆਂ ਦੀ ਮਸ਼ੀਨ ਤੇ ਕੰਮ ਕਰਨਾ ਪਵੇਗਾ ਜਾਂ ਸਮੇਂ ਸਿਰ ਕੋਰਸ ਸਮੱਗਰੀ ਤਬਦੀਲ ਕਰਨ ਲਈ ਉੱਚ ਬੈਂਡਵਿਡਥ ਚਾਹੀਦੀ ਹੈ |
- ਇੱਕ ਵਿਸ਼ੇਸ਼ ਮਸ਼ੀਨ ਲਈ ਤਿਆਰ ਕੀਤੀ ਕੁਝ ਸਮੱਗਰੀ ਦੂਸਰੀ ਪ੍ਰਣਾਲੀ ਤੇ ਸਹੀ ਢੰਗ ਨਾਲ ਕੰਮ ਨਹੀਂ ਕਰਦੀ ( ਉਦਾਹਰਣ ਵਜੋਂ ਐਪਲ ਮੈਸੀਨਤੋਸ਼ ਅਤੇ ਵਿੰਡੋ ਪੀਸੀ) | ਇਸ ਖੇਤਰ ਵਿੱਚ ਮਿਆਰ ਮਦੱਦ ਕਰਨਗੇ |
- ਕੋਈ ਵੀ ਮਹਾਰਤਾ ਜੋ ਪਰਸਪਰ ਸੰਪਰਕ ਤੇ ਨਿਰਭਰ ਕਰਦੀ ਹੈ ਭਾਵੇ ਇਹ ਕੋਰਸ ਭਾਵੇਂ ਇਹ ਕੋਰਸ ਈ-ਸਿੱਖਲਾਈ ਨਾਲ ਜੁੜੇ ਹੋਏ ਹਨ |
- ਈ-ਸਿੱਖਲਾਈ ਲਈ ਉੱਚ ਪਧੱਰ ਦਾ ਸਵੈ ਅਨਿਸ਼ਾਸ਼ਨ ਅਤੇ ਨਿਜੀ ਸਮਾਂ ਪ੍ਰਬੰਧਨ ਦੀ ਲੋੜ ਹੈ | ਇਸ ਸਾਧਨ ਦਾ ਪੂਰਾ ਲਾਭ ਲੈਣ ਲਈ ਈ-ਸਿੱਖਲਾਰਤੀਆਂ ਨੂੰ ਬਹੁਤ ਜਿਆਦਾ ਸਵੈ-ਪ੍ਰੇਰਿਤ ਹੋਣ ਦੀ ਲੋੜ ਹੈ ਕਿਉਂ ਜੋ ਆਨਲਾਈਨ ਸਿੱਖਲਾਈ ਅਨਿਭਵ ਅਕਸਰ ਅਵਿਅਕਤੀਗਤ ਹੋ ਸਕਦਾ ਹੈ |
- ਆਨਲਾਈਨ ਸਿੱਖਲਾਈ ਹਿੱਤ ਕੋਰਸ ਸਮਗਾਰੀ ਅਨੁਚਿਤ ਰੂਪ ਰੇਖਾ ਵਿੱਚ ਹੈ | ਕੋਰਸ ਪਦਾਨ ਕਰਨ ਵਾਲਿਆਂ ਨੂੰ ਨਵੇਂ ਸਾਧਨ ਨਾਲ ਫਬਦੇ ਨਵੇਂ ਤਕਨੀਕੀ ਕੌਸ਼ਲਾਂ ਅਤੇ ਕੋਰਸ ਡਿਜਾਇਨ ਕੋਸ਼ਲਾਂ ਦਾ ਵਿਕਾਸ ਕਰਨ ਦੀ ਲੋੜ ਹੈ |
- ਈ-ਸਿੱਖਲਾਈ ਕੋਰਸ ਨੂੰ ਸ਼ੁਰੂ ਕਰਨ ਦੀ ਲਾਗਤ ਮਹਿੰਗੀ ਹੈ ਅਤੇ ਆਨਲਾਈਨ ਸਿੱਖਲਾਈ ਸਮੱਗਰੀ ਤਿਆਰ ਕਰਨ ਦੀ ਲਾਗਤ ਵੀ ਬਹੁਤ ਜਿਆਦਾ ਹੈ | ਅਧਿਆਪਕਾਂ ਨੂੰ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਵਾਧੂ ਲਾਗਤਾਂ ਆਨਲਾਈਨ ਕੋਰਸ ਪ੍ਰਦਾਨ ਕਰਨ ਦੇ ਲਾਭਾਂ ਦੇ ਸੰਤੁਲਨ ਵਿੱਚ ਹਨ |
- ਈ-ਸਿੱਖਲਾਈ ਅਜੇ ਵੀ ਕੋਰਸ ਸਮੱਗਰੀ ਜਾਂ ਸਾਫਟਵੇਅਰ ਤੇ ਨਿਰਭਰ ਹੈ |
- ਸਮਾਜਿਕ / ਆਰਥਿਕ ਅਸੁਵਿਧਾ ਕੁਝ ਵਿਦਿਆਰਥੀ ਸਮੂਹਾਂ ਨੂੰ ਸੀਮਿਤ ਕਰ ਸਕਦਾ ਹੈ ਜਾਂ ਪਹੁੰਚ ਤੋਂ ਰੋਕ ਸਕਦਾ ਹੈ (ਉਦਾਹਰਣ ਵਜੋਂ , ਉਪਕਰਣ ਦੀ ਲਾਗਤ, ਆਨਲਾਈਨ ਪਹੁੰਚ ਅਤੇ ਪ੍ਰਿੰਟਿੰਗ) |
- ਇਲੈਕਟ੍ਰਾਨਿਕ ਸੰਚਾਰ ਲਾਜ਼ਮੀ ਤੌਰ ਤੇ ਆਹਮਣੇ ਸਾਹਮਣੇ ਸੰਚਾਰ ਨੂੰ ਵਧੀਆ ਟੱਕਰ ਨਹੀਂ ਪ੍ਰਦਾਨ ਕਰਦਾ ਅਤੇ ਕਿਤੇ ਨਾ ਕਿਤੇ ਰਿਵਾਇਤੀ ਨਜ਼ਰੀਆ ਗਾਇਬ ਹੈ |

- ਅਧਿਆਪਕਾਂ-ਸਿੱਖਿਅਕਾਂ ਕੋਲ ਸੀਮਿਤ ਆਈਟੀ ਕੌਸ਼ਲ ਹੋ ਸਕਦੇ ਹਨ ਜਾਂ ਇਲੈਕਟ੍ਰਾਨਿਕ ਸੰਚਾਰ ਨਾਲ ਔਖੇ ਹੋ ਸਕਦੇ ਹਨ ਅਤੇ ਉਹਨਾਂ ਨੂੰ ਉਹ ਤਕਨੀਕ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਣ ਦੀ ਲੋੜ ਹੈ |
- ਨੇੱਤਰਹੀਣ ਅਤੇ ਸ਼ਰੀਰਕ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਅਸੁਵਿਧਾ ਹੋ ਸਕਦੀ ਹੈ |
- ਲੱਚਕਤਾ ਗੁੰਮ ਹੋ ਸਕਦੀ ਹੈ ਕਿਉਂਕਿ ਕੋਰਸ ਦੌਰਾਨ ਵਿਦਿਆਰਥੀ ਦੀ ਪ੍ਰਤੀਕ੍ਰਿਆ ਅਨੁਸਾਰ ਕੋਰਸ ਵਿੱਚ ਤਬਦੀਲੀ ਕਰਨਾ ਅਸਾਨ ਨਹੀਂ ਹੈ |
- ਇਲੈਕਟ੍ਰਾਨਿਕ ਵਾਤਾਵਰਣ ਅਧਿਆਪਕੀ ਢੰਗ ਅਨੁਸਾਰ ਵਧੀਆ ਸਿੱਖਲਾਈ ਵਾਤਾਵਰਣ ਪ੍ਰਦਾਨ ਨਹੀਂ ਕਰਦਾ ਹੈ|
- ਧੋਖੇਬਾਜੀ ਵਿੱਚ ਅਸਾਨੀ |
- ਤਕਨੀਕ- ਜਾਣੂ ਅਤੇ ਗੈਰ-ਤਕਨੀਕੀ ਵਿਦਿਆਰਥੀਆਂ ਵਿੱਚ ਪੱਖ ਪਾਤ |
- ਵਰਚੁਅਲ ਅਧਿਆਪਕ-ਵਿਦਿਆਰਥੀ ਤਾਲਮੇਲ ਦੇ ਪ੍ਰਬੰਧਨ ਵਿੱਚ ਅਧਿਆਪਕ ਵਿੱਚ ਗਿਆਨ ਅਤੇ ਅਨੁਭਵ ਦੀ ਘਾਟ |
- ਅਧਿਆਪਕ ਅਤੇ ਵਿਦਿਆਰਥੀ ਵਿੱਚ ਸਮਾਜਿਕ ਤਾਲਮੇਲ ਦੀ ਘਾਟ |
- ਅਧਿਆਪਕਾਂ ਵਲੋਂ ਸਿੱਧੀ ਅਤੇ ਫੌਰਨ ਜਾਣਕਾਰੀ ਦੀ ਘਾਟ |
- ਅਸਮਕਾਲੀ ਸੰਚਾਰ ਸਵਾਲਾਂ ਦੀ ਅਦਲਾ ਬਦਲੀ ਵਿੱਚ ਰੁਕਾਵਟ ਪੈਦਾ ਕਰਦਾ ਹੈ |
- ਟਾਲ ਮਟੋਲ ਦਾ ਖਤਰਾ |

ਅਧਿਆਪਕ-ਸਿੱਖਿਅਕਾਂ ਹਿੱਤ ਈ-ਸਿੱਖਲਾਈ ਲਾਗੂ ਕਰਨ ਹਿੱਤ ਸੁਝਾਅ:

- ਅਹਿਮ ਵਿਚਾਰ ਪ੍ਰਦਾਨ ਕਰਨ ਲਈ ਇੱਕ ਅਧਿਆਪਕ ਨੂੰ ਲਾਜ਼ਮੀ ਈ-ਸਿੱਖਿਅਕ ਬਨਣਾ ਚਾਹੀਦਾ ਹੈ ਅਤੇ ਇਸ ਮੁਤਾਬਕ ਵਿਦਿਆਰਥੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਕਨੀਕ ਦੀ ਲਾਜ਼ਮੀ ਵਰਤੋਂ ਕਰਨੀ ਚਾਹੀਦੀ ਹੈ |
- ਵਿਦਿਆਰਥੀ ਨੂੰ ਵਿੱਦਿਆ ਪ੍ਰਦਾਨ ਕਰਨ ਲਈ ਆਧੁਨਿਕ ਅਧਿਆਪਕ ਦੇ ਹੱਥਾਂ ਵਿੱਚ ਈ-ਅਧਿਆਪਨ ਉੱਪਕਰਣ ਲਾਜ਼ਮੀ ਹੋਣਾ ਚਾਹੀਦਾ ਹੈ | ਇੱਹ ਅਹਮਣੇ ਸਾਹਮਣੇ ਤਾਲਮੇਲ ਦੇ ਅੰਤਰ ਨੂੰ ਭਰਨ ਵਿੱਚ ਮਦੱਦ ਕਰੇਗਾ |
- ਇਹ ਅਧਿਆਪਕ ਨਾਲ ਸੰਬੰਧਤ ਵਾਧੂ ਅਧਿਐਨ ਸਮਗੱਰੀ ਪ੍ਰਦਾਨ ਕਰ ਸਕਦਾ ਹੈ ਅਤੇ ਜੋ ਉਹਨਾਂ ਨੂੰ ਕੰਮ ਸੌਪਣ ਦੇ ਪ੍ਰੋਜੈਕਟ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰੇਗਾ, ਜੋ ਵਿਦਿਆਰਥੀ ਨੇ ਪੂਰੇ ਕਰਨੇ ਹੁੰਦੇ ਹਨ|
- ਇਹ ਅਧਿਆਪਕ-ਸਿੱਖਿਅਕ ਨੂੰ ਗੈਰ-ਰਸਮੀ ਬਰਾਬਰ ਤਾਲਮੇਲ ਉਤਪਨ ਕਰਨ ਵਿੱਚ ਮਦੱਦ ਕਰ ਸਕਦਾ ਹੈ|
- ਅਧਿਆਪਕ-ਸਿੱਖਿਅਕਾਂ ਵਿੱਚ ਈ-ਸਿੱਖਲਾਈ ਰਾਹੀਂ ਪੁਰਾਣੇ ਅਤੇ ਨਵੇਂ ਅਧਿਆਪਨ ਢੰਗਾ ਦੇ ਪ੍ਰਭਾਵੀ ਸੁਮੇਲ ਨਾਲ ਵੱਧੀਆ ਜਾਣਕਾਰੀ ਅਤੇ ਵਿਚਾਰ ਵਧਾਏ ਜਾ ਸਕਦੇ ਹਨ |

- ਸਾਰੇ ਹਿੱਸਾ ਲੈਣ ਵਾਲਿਆਂ ਵੱਲੋਂ ਪੱਕੀ ਵਚਨਬੱਧਤਾ ਅਤੇ ਲਾਗੂਕਰਨ ਵਿੱਚ ਸੰਭਾਵੀ ਅੜਚਨਾਂ ਨੂੰ ਪਹਿਚਾਨਣਾ ਅਤੇ ਦੁਰੁਸਤ ਕਰਨਾ |
- ਗਤੀਸ਼ੀਲ ਸਿੱਖਲਾਈ-ਸਵੈ ਮੁਲਾਂਕਣ, ਆਭਾਸ, ਸਵੈ ਸੰਚਾਲਿਤ ਸਿੱਖਲਾਈ, ਸਮੱਸਿਆ ਅਧਾਰਤ ਸਿੱਖਲਾਈ, ਵਿਦਿਆਰਥੀ ਤਾਲਮੇਲ ਅਧਿਆਪਕ-ਸਿੱਖਿਅਕਾਂ ਨੂੰ ਫੀਡਬੈਕ ਨੂੰ ਵਧਾਵਾ ਦੇਣਾ |
- ਸਿੱਖਲਾਈ ਦਾ ਮੁਲਾਕਣ ਕਰਨ ਲਈ ਸਮਾਂ ਪ੍ਰਦਾਨ ਕਰਨਾ- ਵਿਦਿਆਰਥੀ ਅਤੇ ਕੋਰਸ ਦੋਨੋਂ |

**2.4 ਸਾਰ**

ਈ-ਸਿੱਖਲਾਈ ਲਾਗਤ ਤੋਂ ਜਿਆਦਾ ਫਾਇਦਾ ਦੇ ਸਕਦੀ ਹੈ | ਕਦੇ ਕਦੇ ਰਿਵਾਇਤੀ ਅਧਿਅਪਨ ਅਧਾਰਤ ਸਿੱਖਲਾਈ ਦੇ ਮੁਕਾਬਲੇ 50% ਜਿਆਦਾ (ਏ ਏ ਐਮ ਸੀ, 205) | ਅਧਿਐਨਾਂ ਨੇ ਲਗਾਤਾਰ ਦਰਸਾਇਆ ਹੈ ਕਿ ਵਿਦਿਆਰਥੀ ਈ- ਸਿੱਖਲਾਈ ਤੋਂ ਬਹੁਤ ਸੰਤੁਸ਼ਟ ਹਨ ( ਕੈਂਡਲਰ ਅਤੇ ਹੋਰ, 2003 ਅਤੇ ਹੈਲੀ, 2001) | ਵਰਤੋਂ ਅਤੇ ਪਹੁੰਚ ਦੀ ਕਥਿਤ ਅਸਾਨੀ ਅਤੇ ਨੇਵੀਗੇਸ਼ਨ, ਪਰਸਪਰ ਤਾਲਮੇਲ, ਉਪਭੋਗਤਾ-ਮਿੱਤਰਤਾ ਇੰਟਰਫੇਸ ਡਿਜਾਇਨ ਦੇ ਨਾਲ ਰਿਵਾਇਤੀ ਸਿੱਖਲਾਈ ਦੇ ਮੁਕਾਬਲੇ ਏਆਈਆਰ-ਸਿੱਖਲਾਈ ਨਾਲ ਵਿਦਿਆਰਥੀ ਦੀ ਸੰਤੁਸ਼ਟਤਾ ਦਰ ਵੱਧਦੀ ਹੈ (ਹਾਰਡਨ ਅਤੇ ਹਾਰਟ, 2012) | ਦਿਲਚਸਪੀ ਗੱਲ ਇਹ ਹੈ ਕਿ ਵਿਦਿਆਰਥੀ ਈ- ਸਿੱਖਲਾਈ ਨੂੰ ਰਿਵਾਇਤੀ ਅਧਿਆਪਕ ਅਧਾਰਤ ਸਿੱਖਲਾਈ ਤੋਂ ਅਲੱਗ ਨਹੀਂ ਸਮਝਦੇ ਬਲਕਿ ਮਿਸ਼ਰਤ ਸਿੱਖਲਾਈ ਦਾ ਇਸ ਦਾ ਇੱਕ ਹਿੱਸਾ ਸਮਝਦੇ ਹਨ |

ਅਖਬਾਰ ਲੇਖਣ ਦੂਜੇ ਲੇਖ ਲਿਖਣ ਤੋਂ ਅਲੱਗ ਹੈ ਕਿਉਂਕਿ ਅਖਬਾਰਾਂ ਦਾ ਲੇਖ ਇੱਕ ਵਿਸ਼ੇਸ਼ ਤਰੀਕੇ ਵਿੱਚ ਇੱਕ ਅਲਗ ਢੰਗ ਨਾਲ ਜਾਣਕਾਰੀ ਪੇਸ਼ ਕਰਦਾ ਹੈ | ਅਖਬਾਰ ਲੇਖ ਸੀਮਿਤ ਸ਼ਬਦਾਂ ਵਿੱਚ ਸਬੰਧਤ ਜਾਣਕਾਰੀ ਨੂੰ ਸੰਚਾਰ ਕਰਨ ਦਾ ਸਾਧਨ ਹੈ | ਅਖਬਾਰਾਂ ਵਿੱਚ ਲੇਖ ਲਿਖਣਾ ਇੱਕ ਕੌਸ਼ਲ ਹੈ ਜੋ ਵਿਦਿਆਰਥੀਆਂ ਦੀ ਪਤੱਰਕਾਰੀ ਦੇ ਪੇਸ਼ਾ ਅਪਣਾਉਣ ਵਿੱਚ ਮੱਦਦ ਕਰ ਸਕਦਾ ਹੈ | ਇਹ ਵਿਦਿਆਰਥੀਆਂ ਵਿੱਚ ਲੇਖਣ ਕੌਸ਼ਲ ਦਾ ਵਿਕਾਸ ਕਰਣ ਵਿੱਚ ਵੀ ਮਦੱਦ ਕਰਦਾ ਹੈ | ਅਖਬਾਰ ਲੇਖਣ ਜਾਣਕਾਰੀ ਸੰਚਾਰ ਦਾ ਇੱਕ ਯੋਜਨਾਬੱਧ ਅਤੇ ਸੰਖੇਪ ਢੰਗ ਹੈ | ਰਸਾਲਾ ਲੇਖਣ ਗੁਣ ਅਧਾਰਤ ਟੁਕੜੇ ਲਿਖਣ ਦੀ ਕਲਾ ਹੈ | ਸ਼ੁਰੂਆਤੀ ਸਟੇਜ ਤੇ ਵਿਦਿਆਰਥੀ ਲਘੂ ਕਹਾਣੀਆਂ ਲਿਖਣ ਤੇ ਧਿਆਨ ਕੇਂਦਰਤ ਕਰ ਸਕਦੇ ਹਨ, ਜਦਕਿ ਦੂਸਰੇ ਬਿਰਤਾਂਤ ਟੁਕੜਿਆਂ ਤੋਂ ਲੰਬੇ ਰੂਪ ਪੇਸ਼ ਕਰ ਸਕਦੇ ਹਨ | ਰਿਵਾਇਤੀ ਵਿੱਦਿਅਕ ਮੁੱਦਿਆਂ ਵਿੱਚ ਵਿਦਿਆਰਥੀ ਦਾ ਦ੍ਰਿਸਟੀਕੋਣ ਉਹਨਾਂ ਦੀ ਸਮਝ ਨੂੰ ਨਿਰਧਾਰਤ ਕਰਦਾ ਹੈ | ਜਦੋਂ ਵਿਦਿਆਰਥੀ ਸਿਰਫ ਚੰਗੇ ਗਰੇਡ, ਲਾਇਕ ਦਿੱਖਣ, ਆਪਣੇ ਮਾਪਿਆਂ ਨੂੰ ਖੁਸ਼ ਕਰਨ ਦੀ ਥਾਂ ਤੇ ਕੁਝ ਸਮਝਣ ਅਤੇ ਸਿੱਖਣ ਲਈ ਇੱਕ ਗਤੀਵਿੱਧੀ ਕਰਦੇ ਹਨ, ਤਾਂ ਉਹਨਾਂ ਦੀ ਸ਼ਮੂਲੀਅਤ ਪੂਰਨ ਅਤੇ ਸੰਪੂਰਨ ਹੋਣੀ ਚਾਹੀਦੀ ਹੈ | ਇੱਕ ਅਧਿਆਪਕ ਵੀ ਸਮਾਜਿਕ ਤੁਲਨਾ ਨੂੰ ਘਟਾ ਕੇ ਅਤੇ ਵਿਦਿਆਰਥੀ ਦੇ ਸੁਧਾਰ ਅਤੇ ਕੋਸ਼ਿਸ਼ ਨੂੰ ਪ੍ਰੋਤਸਾਹਣ ਦੇ ਕੇ ਵਿਦਿਆਰਥੀ ਦੀ ਪ੍ਰਗਤੀ ਤੇ ਜੋਰ ਦੇ ਸਕਦਾ ਹੈ |

## 2.5 ਪ੍ਰਸਤਾਵਿਤ ਪ੍ਰਸ਼ਨ

1. ਚਰਚਾ ਕਰੋ ਕਿ ਅਖਬਾਰ ਨਾਲ ਸਬੰਧਤ ਕੁਝ ਗਤੀਵਿਧੀਆਂ ਦੁਆਰਾ ਵਿਦਿਆਰਥੀਆਂ ਨੂੰ ਅਖਬਾਰ ਲੇਖਣ ਨਾਲ ਕਿਵੇਂ ਜੋੜਿਆ ਜਾ ਸਕਦਾ?

2. ਕਲਾਸਰੂਮ ਵਿਦਿਆਰਥੀ ਦੀ ਕਾਰਗੁਜਾਰੀ ਸੁਧਾਰਣ ਲਈ ਰਸਾਲਿਆਂ ਦੀ ਵਿਭਿੰਨ ਢੰਗ ਨਾਲ ਵਰਤੋਂ ਦੀ ਵਿਆਖਿਆ ਕਰੋ |
3. ਦੇਸ਼ ਵਿੱਚ ਪ੍ਰਚਲੱਤ ਕੁਝ ਮਹਤੱਵਪੂਰਨ ਰਿਵਾਇਤੀ ਵਿੱਦਿਅਕ ਮੁੱਦਿਆਂ ਤੇ ਚਰਚਾ ਕਰੋ |

## 2.6 ਸੁਝਾਈਆਂ ਪੁਸਤਕਾਂ

1. Aggarwal, J.C. (2003), "Teaching of commerce", A Practical Approach, Vikas Publishing House Pvt. Ltd., Noida, Uttar Pradesh.
2. Nandra, I.D.S. (2017) Strengthening Langugae Proficiency, Twenty First century Publications, Patiala, Punjab.